


Friday, July 26, 2024

# ਪੰਜਾਬੀ ਜਰਨਲ

PUNJABI JOURNAL

ਸਾਉਣ 11, ਨਾਨਕਸ਼ਾਹੀ ਸੰਮਤ: 555 | Volume: 17, Issue: 30 | Ph: 604-507-8009

www.punjabijournal.ca, Email: punjabijournal@gmail.com



ਫਿਲਮ 'ਬੈਡ ਨਿਊਜ਼' ਦੀ 'ਗੁੱਡ ਨਿਊਜ਼' ਪੰਨਾ 22

ਕੀ ਕੈਨੇਡਾ ਤੋਂ ਵਾਪਸੀ ਕਰਨਗੇ ਭਾਰਤੀ! ਪੰਨਾ 06







## ਨਸ਼ਾਖੋਰੀ ਲਈ ਬੀ.ਸੀ. 'ਚ ਨਵਾਂ ਮਾਡਲ ਕਰਾਂਗੇ ਸ਼ੁਰੂ: ਜੈਨਿਫਰ

**ਸਰੀ:** ਇੱਕ 'ਮੇਡ ਇਨ ਬੀ.ਸੀ.' (ਬੀ.ਸੀ. ਵਿੱਚ ਤਿਆਰ) ਨਸ਼ਾਖੋਰੀ ਸੰਬੰਧੀ ਸੰਭਾਲ ਦਾ ਮਾਡਲ, ਜੋ ਲੋਕਾਂ ਲਈ ਸੇਵਾਵਾਂ ਤੱਕ ਪਹੁੰਚ ਕਰਨ ਦੇ ਤਰੀਕੇ ਵਿੱਚ ਸੁਧਾਰ ਕਰ ਰਿਹਾ ਹੈ, ਉਸ ਦਾ ਵਿਸਤਾਰ ਹੋ ਰਿਹਾ ਹੈ।

'ਰੋਡ ਟੂ ਰਿਕਵਰੀ' ਡੀਟੌਕਸ ਤੋਂ ਲੈ ਕੇ ਇਲਾਜ ਅਤੇ ਇਲਾਜ ਤੋਂ ਬਾਅਦ ਦੀ ਦੇਖਭਾਲ ਲਈ ਨਿਰਵਿਘਨ ਅਤੇ ਨਿਰੰਤਰ ਸੰਭਾਲ ਸਥਾਪਤ ਕਰਦਾ ਹੈ। ਇਸ ਵਿਸਤਾਰ ਵਿੱਚ ਸਾਰੀਆਂ ਸਿਹਤ ਅਥੌਰਿਟੀਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਇਲਾਜ ਲਈ 100 ਬੈਡ ਅਤੇ ਆਊਟਪੇਸ਼ੰਟ ਸੇਵਾਵਾਂ ਸ਼ਾਮਲ ਹੋਣਗੀਆਂ, ਅਤੇ ਨਾਲ ਹੀ ਹਰੇਕ ਸਿਹਤ ਅਥੌਰਿਟੀ ਖੇਤਰ ਵਿੱਚ ਨਸ਼ੇ ਦੀ ਲਤ ਸੰਬੰਧੀ ਸੰਭਾਲ ਨਾਲ ਜੁੜਨ ਲਈ ਇੱਕ ਸਿੰਗਲ ਐਕਸੈਸ ਲਾਈਨ ਵੀ ਸ਼ਾਮਲ ਹੋਵੇਗੀ।

"ਹਰ ਵਿਅਕਤੀ ਦਾ ਮੁੜ-ਸਿਹਤਯਾਬੀ ਦਾ ਸਫ਼ਰ ਵੱਖਰਾ ਹੁੰਦਾ ਹੈ, ਇਸ ਲਈ ਸਾਨੂੰ ਲੋਕਾਂ ਲਈ ਉਸ ਰਸਤੇ ਤੱਕ ਪਹੁੰਚਣਾ ਅਸਾਨ ਬਣਾਉਣ ਦੀ ਜ਼ਰੂਰਤ ਹੈ ਜੋ ਉਨ੍ਹਾਂ ਲਈ ਸਹੀ ਹੈ," ਮਾਨਸਿਕ-ਸਿਹਤ ਅਤੇ ਨਸ਼ਾਖੋਰੀ ਮੰਤਰੀ, ਜੈਨਿਫ਼ਰ ਵ੍ਹਾਈਟਸਾਈਡ ਨੇ ਕਿਹਾ। "ਰੋਡ ਟੂ ਰਿਕਵਰੀ ਨਸ਼ੇ ਦੀ ਲਤ ਸੰਬੰਧੀ ਸੇਵਾਵਾਂ ਨੂੰ ਇੱਕ ਨਿਰਵਿਘਨ ਮਾਡਲ



ਵਿੱਚ ਸ਼ਾਮਲ ਕਰਦਾ ਹੈ ਤਾਂ ਜੋ ਹਰ ਕਦਮ 'ਤੇ ਸੰਭਾਲ ਪ੍ਰਦਾਨ ਕੀਤੀ ਜਾ ਸਕੇ। ਅਸੀਂ ਸੰਭਾਲ ਦੇ ਇਸ ਮਾਡਲ ਦਾ ਸੂਬੇ ਭਰ ਵਿੱਚ ਵਿਸਤਾਰ ਕਰ ਰਹੇ ਹਾਂ ਤਾਂ ਜੋ ਜਦੋਂ ਲੋਕ ਹਿੰਮਤ ਕਰਕੇ ਮਦਦ ਦੀ ਮੰਗ ਕਰਦੇ ਹਨ, ਤਾਂ ਉਨ੍ਹਾਂ ਨੂੰ ਸਹੀ ਸਹਾਇਤਾ ਮਿਲਦੀ ਰਹੇ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ।"

ਸ਼ੁਰੂ ਵਿੱਚ ਸੇਂਟ ਪੌਲਜ਼ ਹਸਪਤਾਲ ਅਤੇ ਵੈਨਕੂਵਰ ਖੇਤਰ ਵਿੱਚ ਲਾਂਚ ਕੀਤਾ ਗਿਆ, 'ਰੋਡ ਟੂ ਰਿਕਵਰੀ' ਲੋਕਾਂ ਲਈ ਲੋੜੀਂਦੀ ਸੰਭਾਲ ਪ੍ਰਾਪਤ ਕਰਨਾ ਅਸਾਨ ਬਣਾਉਂਦਾ ਹੈ, ਜਿੱਥੇ ਅਤੇ ਜਦੋਂ ਉਨ੍ਹਾਂ ਨੂੰ ਇਸਦੀ ਜ਼ਰੂਰਤ ਹੁੰਦੀ ਹੈ। ਇਸ ਵਿਸਤਾਰ ਦੇ ਨਾਲ, ਬੀ.ਸੀ. ਵਿੱਚ ਕਿਸੇ ਕੋਲ ਵੀ ਜਾਣਕਾਰੀ ਪ੍ਰਾਪਤ ਕਰਨ, ਮੁਲਾਂਕਣ ਪ੍ਰਾਪਤ ਕਰਨ, ਇੱਕ ਵਿਅਕਤੀਗਤ ਸੰਭਾਲ ਯੋਜਨਾ ਵਿਕਸਤ ਕਰਨ ਅਤੇ ਇਲਾਜ ਤੱਕ ਪਹੁੰਚ ਕਰਨ ਲਈ ਇੱਕ ਲਾਈਨ ਨੂੰ ਕੌਲ ਕਰਨ ਦਾ ਵਿਕਲਪ ਹੋਵੇਗਾ।

ਉਹ ਲੋਕ ਜਿਨ੍ਹਾਂ ਨੂੰ ਇਲਾਜ ਦੀ ਲੋੜ ਹੈ, ਉਹ ਡੀਟੌਕਸ ਸੇਵਾਵਾਂ ਜਾਂ ਲੰਮੀ ਮਿਆਦ ਦੀਆਂ ਇਲਾਜ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ, ਜੋ ਬੈਡ-ਅਧਾਰਤ ਸੇਵਾ ਜਾਂ ਆਊਟਪੇਸ਼ੰਟ ਸਹਾਇਤਾ ਵਜੋਂ ਵੀ ਉਪਲਬਧ ਹਨ। ਹਰ ਕਦਮ ਰਾਹੀਂ, ਕਲਾਇੰਟਾਂ ਨੂੰ ਕਿਸੇ ਅਜਿਹੇ ਵਿਅਕਤੀ ਦੁਆਰਾ ਸਹਾਇਤਾ ਦਿੱਤੀ ਜਾਂਦੀ ਹੈ ਜੋ ਉਨ੍ਹਾਂ ਨੂੰ ਕਮਿਊਨਿਟੀ ਆਫ਼ਟਰ-ਕੇਅਰ ਸਹਾਇਤਾਵਾਂ ਜਿਵੇਂ ਕਿ ਡੇਅ ਪ੍ਰੋਗਰਾਮਾਂ, ਜੀਵਨ-ਹੁਨਰ ਸਿੱਖਣ ਲਈ ਕਲਾਸਾਂ ਅਤੇ ਪੀਅਰ-ਰਿਕਵਰੀ ਗਰੁੱਪਾਂ ਨਾਲ ਜੋੜ ਸਕਦਾ ਹੈ ਤਾਂ ਜੋ ਇਲਾਜ ਤੋਂ ਬਾਅਦ ਤੰਦਰੁਸਤੀ ਦੇ ਆਪਣੇ ਰਸਤੇ 'ਤੇ ਕਾਇਮ ਰਹਿਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।

## ਬੀ.ਸੀ. 'ਚ ਪੰਜਾਬੀ ਟਰੱਕ ਡਰਾਈਵਰ ਦੀ ਹਾਦਸੇ 'ਚ ਮੌਤ

**ਸਰੀ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਹਾਈਵੇ 17 'ਤੇ ਵਾਪਰੇ ਸੜਕ ਹਾਦਸੇ 'ਚ ਪੰਜਾਬੀ ਟਰੱਕ ਡਰਾਈਵਰ ਸੰਦੀਪ ਸਿੰਘ ਚੀਮਾ ਦੀ ਮੌਤ ਹੋ ਗਈ।

ਉਹ 41 ਵਰ੍ਹਿਆਂ ਦਾ ਸੀ। ਮਿਲੀ ਖਬਰ ਅਨੁਸਾਰ ਹਾਈਵੇ 17 'ਤੇ 116 ਐਵੇਨਿਊ ਦੇ ਚੌਰਸਤੇ 'ਤੇ ਹੋਈ 2 ਟਰੱਕਾਂ ਦੀ ਭਿਆਨਕ ਟੱਕਰ ਵਿਚ ਸੰਦੀਪ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ ਸੀ, ਜਿਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ।

ਹਾਦਸੇ ਕਾਰਨ ਹਾਈਵੇ ਨੂੰ 12 ਘੰਟੇ ਬੰਦ ਰੱਖਣਾ ਪਿਆ। ਸੰਦੀਪ ਸਿੰਘ ਚੀਮਾ ਬਹੁਤ ਮਿਹਨਤੀ ਤੇ ਹੋਣਹਾਰ ਨੌਜਵਾਨ ਸੀ ਉਹ 12 ਸਾਲ ਪਹਿਲਾਂ ਪੰਜਾਬ ਤੋਂ ਕੈਨੇਡਾ ਆਇਆ ਸੀ।

2012 'ਚ ਉਸ ਦੇ ਪਿਤਾ ਦੀ ਇਕ ਕਾਰ ਹਾਦਸੇ 'ਚ ਮੌਤ ਹੋ ਗਈ ਸੀ ਤੇ 2013 'ਚ ਮਾਤਾ ਸਦੀਵੀ ਵਿਛੋੜਾ ਦੇ ਗਏ ਸੰਦੀਪ ਸਿੰਘ ਚੀਮਾ ਆਪਣੇ ਪਿੱਛੇ ਪਤਨੀ ਮਨਜੀਤ ਕੌਰ ਤੇ 2 ਧੀਆਂ 6 ਸਾਲਾ ਸਰਗੁਨ ਕੌਰ ਅਤੇ 2 ਸਾਲਾ ਦੀ ਮਾਸੂਮ ਮਿਹਰ ਕੌਰ ਛੱਡ ਗਿਆ ਹੈ। ਪੁਲਿਸ ਹਾਦਸੇ ਦੀ ਜਾਂਚ ਕਰ ਰਹੀ ਹੈ।



## ਮਾਰਕ ਮਿਲਰ ਵੱਲੋਂ ਪਿਕਸ ਸੁਸਾਇਟੀ ਦਾ ਦੌਰਾ



**ਸਰੀ:** ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ (ਪਿਕਸ) ਦਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਦੇ ਮੈਂਬਰ ਸੁਖ ਧਾਲੀਵਾਲ ਵੀ ਸਨ। ਪਿਕਸ ਦੇ ਸੀਈਓ ਸਤਿਬੀਰ ਚੀਮਾ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਦੋਹਾਂ ਆਗੂਆਂ ਨੇ ਨਵੇਂ ਆਏ ਲੋਕਾਂ ਦਾ ਸਮਰਥਨ ਕਰਨ ਅਤੇ ਪ੍ਰਬੰਧਕੀ ਕਾਰਜ ਦੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪਿਕਸ ਦੀ ਸੈਟਲਮੈਂਟ, ਭਾਸ਼ਾ ਅਤੇ ਸਮਾਜਿਕ ਪ੍ਰੋਗਰਾਮਾਂ ਦੀ ਸੀਨੀਅਰ ਡਾਇਰੈਕਟਰ ਸ਼੍ਰੀਮਤੀ ਦਵਿੰਦਰ ਚੱਠਾ ਨੇ ਉਨ੍ਹਾਂ ਨੂੰ ਸੁਸਾਇਟੀ ਦੇ ਉਦੇਸ਼ਾਂ, ਮਿਸ਼ਨ ਅਤੇ ਕਾਰਜਾਂ ਬਾਰੇ ਵਿਆਪਕ ਜਾਣਕਾਰੀ ਦਿੱਤੀ। ਉਸ ਨੇ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਅਤੇ ਸੂਬਾਈ ਸਰਕਾਰ ਦੁਆਰਾ ਫੰਡ ਕੀਤੇ ਮੌਜੂਦਾ ਬੰਦੋਬਸਤ ਅਤੇ ਏਕੀਕਰਣ ਪ੍ਰੋਗਰਾਮਾਂ ਦੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ। ਸ਼੍ਰੀਮਤੀ ਚੱਠਾ ਨੇ ਕੈਨੇਡਾ ਵਿਚ ਨਵੇਂ ਆਉਣ ਵਾਲੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਅਤੇ ਭਾਈਚਾਰੇ ਦੀ ਬਿਹਤਰ ਸੇਵਾ ਕਰਨ ਲਈ ਪਿਕਸ ਵੱਲੋਂ ਉਲੀਕੀਆਂ ਗਈਆਂ ਭਵਿੱਖੀ ਵਿਸਤਾਰ ਯੋਜਨਾਵਾਂ ਦੀ ਰੂਪ ਰੇਖਾ ਸਾਂਝੀ ਕੀਤੀ।

ਇਮੀਗਰੇਸ਼ਨ ਮਾਰਕ ਮੰਤਰੀ ਮਿਲਰ ਨੇ ਪਿਕਸ ਦੇ ਨਿਪਟਾਰਾ ਪ੍ਰੋਗਰਾਮ ਦੁਆਰਾ ਚਲਾਈ ਜਾ ਰਹੀ ਇੱਕ ਵਰਕਸ਼ਾਪ ਵਿੱਚ ਸ਼ਿਰਕਤ ਕੀਤੀ, ਜਿੱਥੇ ਉਹਨਾਂ ਨੇ ਵਰਕਸ਼ਾਪ ਵਿਚ ਸ਼ਾਮਲ ਲੋਕਾਂ ਨਾਲ ਸਿੱਧਾ ਤਾਲਮੇਲ ਕਰ ਕੇ ਪਿਕਸ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ 'ਤੇ ਫੀਡਬੈਕ ਇਕੱਠੀ ਕੀਤੀ ਅਤੇ ਨਵੇਂ ਆਉਣ ਵਾਲੇ ਲੋਕਾਂ ਦੇ ਤਜ਼ਰਬਿਆਂ ਤੋਂ ਜਾਣੂ ਹੋਏ।

ਮੰਤਰੀ ਨੇ ਪਿਕਸ ਦੇ ਮੁੱਖ ਦਫਤਰ ਵਿਖੇ ਡੇ-ਕੇਅਰ ਸਹੂਲਤ ਦਾ ਵੀ ਦੌਰਾ ਕੀਤਾ, ਜੋ ਕਿ ਬੰਦੋਬਸਤ ਸਲਾਹਕਾਰਾਂ ਨਾਲ ਮੁਲਾਕਾਤਾਂ ਵਿੱਚ ਹਾਜ਼ਰ ਹੋਣ ਅਤੇ ਵੱਖ-ਵੱਖ ਸਮਾਗਮਾਂ ਵਿੱਚ ਹਿੱਸਾ ਲੈਣ ਵਾਲੇ ਗਾਹਕਾਂ ਨੂੰ ਬਾਲ ਸੰਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ।


SABZI MANDI SUPERMARKET



Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ ਸਬਜ਼ੀ ਮੰਡੀ ਨੂੰ ਯਾਦ ਰਖੋ

# ਗਾਇਨਿਕੌਲੋਜੀਕਲ ਕੈਂਸਰ ਸੰਬੰਧੀ ਸੰਭਾਲ ਹੋਰ ਮਜ਼ਬੂਤ ਹੋਣ ਜਾ ਰਹੀ ਹੈ



**ਵਿਕਟੋਰੀਆ:** ਸੂਬੇ ਵੱਲੋਂ ਨਵੇਂ ਖੇਤਰਾਂ ਵਿੱਚ ਗਾਇਨਿਕੌਲੋਜੀਕਲ ਓਨਕੌਲੋਜੀ ਨਾਲ ਸੰਬੰਧਤ ਸਰਜੀਕਲ ਸੇਵਾਵਾਂ ਦਾ ਵਿਸਤਾਰ ਕਰਨ ਅਤੇ ਨਵੇਂ ਗਾਇਨਿਕੌਲੋਜੀਕਲ ਓਨਕੌਲੋਜਿਸਟਾਂ ਸਮੇਤ ਵਧੇਰੇ ਸਟਾਫ ਨਾਲ ਸੰਭਾਲ ਪ੍ਰਦਾਨ ਕਰਨ ਵਾਲੀਆਂ ਟੀਮਾਂ ਨੂੰ ਮਜ਼ਬੂਤ ਕਰਨ ਨਾਲ, ਔਰਤਾਂ ਦੀ ਕੈਂਸਰ ਦੀ ਸੰਭਾਲ ਤੱਕ ਬਿਹਤਰ ਪਹੁੰਚ ਹੋਵੇਗੀ।

"ਪਿਛਲੇ 10 ਸਾਲਾਂ ਵਿੱਚ, ਗਾਇਨਿਕੌਲੋਜੀਕਲ ਕੈਂਸਰ ਦੀਆਂ ਦਰਾਂ ਵਿੱਚ ਲਗਭਗ 50 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ," ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ। "ਜਦੋਂ ਕਿਸੇ ਦੀ ਬਿਮਾਰੀ ਦੀ ਪਛਾਣ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਘਰ ਦੇ ਨੇੜੇ ਸਭ ਤੋਂ ਵਧੀਆ ਸੰਭਵ ਸੰਭਾਲ ਦੀ ਲੋੜ ਹੁੰਦੀ ਹੈ, ਜਿੱਥੇ ਉਨ੍ਹਾਂ ਨੂੰ ਦੋਸਤਾਂ ਅਤੇ ਪਰਿਵਾਰ ਦਾ ਸਹਿਯੋਗ ਪ੍ਰਾਪਤ ਹੋਵੇ। ਅਸੀਂ ਕਲੋਨਾ ਅਤੇ ਸਰ੍ਹੀ ਵਿੱਚ ਨਵੀਆਂ ਸਰਜੀਕਲ ਅਤੇ ਇਲਾਜ ਸੇਵਾਵਾਂ ਸਥਾਪਤ ਕਰ ਰਹੇ ਹਾਂ ਅਤੇ ਵੈਨਕੂਵਰ ਅਤੇ ਵਿਕਟੋਰੀਆ ਵਿੱਚ ਸੇਵਾਵਾਂ ਦਾ ਹੋਰ ਵਿਸਤਾਰ ਕਰ ਰਹੇ ਹਾਂ। ਇਸ ਮਹੱਤਵਪੂਰਨ ਸੂਬਾਈ ਪ੍ਰੋਗਰਾਮ ਦੇ ਵਿਸਤਾਰ ਵਿੱਚ ਵਧੇਰੇ ਸਿਹਤ-ਸੰਭਾਲ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣਾ ਅਤੇ ਬੀ.ਸੀ. ਵਿੱਚ ਗਾਇਨਿਕੌਲੋਜੀਕਲ ਕੈਂਸਰ ਦੀ ਸੰਭਾਲ ਪ੍ਰਦਾਨ ਕਰਨ ਵਾਲੇ ਸਰਜਨਾਂ ਦੀ ਗਿਣਤੀ ਲਗਭਗ ਦੁੱਗਣੀ ਕਰਨਾ ਸ਼ਾਮਲ ਹੈ।"


ਬੀ.ਸੀ. ਭਰ ਵਿੱਚ ਸੇਵਾਵਾਂ ਅਤੇ ਸੰਭਾਲ ਟੀਮਾਂ ਦੇ ਵਿਸਤਾਰ ਨਾਲ ਔਰਤਾਂ ਅਤੇ ਜਨਮ ਦੇ ਸਮੇਂ ਔਰਤਾਂ ਵਜੋਂ ਪਛਾਣ ਕਰਦੇ ਲੋਕਾਂ ਲਈ ਵਿਸ਼ੇਸ਼ ਸਰਜੀਕਲ ਅਤੇ ਸੰਬੰਧਤ ਕੈਂਸਰ ਦੇ ਇਲਾਜ ਤੱਕ ਪਹੁੰਚ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ। ਗਾਇਨਿਕੌਲੋਜੀਕਲ ਕੈਂਸਰਾਂ ਵਿੱਚ ਸਰਵੀਕਲ, ਓਵੇਰੀਅਨ, ਵੈਜਾਈਨਲ, ਐਂਡੋਮੈਟਰੀਅਲ, ਯੂਟਰੀਨ ਸਰਵਿਕਸ, ਵਲਵਰ, ਗਾਇਨਿਕੌਲੋਜੀਕਲ ਸਾਰਕੋਮਾ, ਫੈਲੋਪੀਅਨ ਟਿਊਬ ਅਤੇ ਜੈਸਟੇਸ਼ਨਲ ਟ੍ਰੋਫੋਬਲਾਸਟਿਕ ਨਿਓਪਲੇਜ਼ੀਆ ਸ਼ਾਮਲ ਹਨ।

# ਕੈਨੇਡਾ 'ਚ ਸ਼ਰਾਰਤੀ ਅਨਸਰਾਂ ਨੇ ਹਿੰਦੂ ਮੰਦਰ ਨੂੰ ਬਣਾਇਆ ਨਿਸ਼ਾਨਾ

**ਟੋਰਾਂਟੋ:** ਕੈਨੇਡਾ ਵਿੱਚ ਇੱਕ ਵਾਰ ਫਿਰ ਹਿੰਦੂ ਮੰਦਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਐਡਮਿੰਟਨ ਦੇ ਇਕ ਮੰਦਰ 'ਤੇ ਭਾਰਤ ਵਿਰੋਧੀ ਨਾਅਰੇ ਲਿਖੇ ਗਏ ਹਨ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਦੱਸਿਆ ਕਿ ਬੀ.ਏ.ਪੀ.ਐਸ ਸਵਾਮੀਨਾਰਾਇਣ ਮੰਦਰ 'ਤੇ ਤੜਕੇ ਭਾਰਤ ਵਿਰੋਧੀ ਨਾਅਰੇ ਲਿਖੇ ਗਏ। ਨੇਪੀਅਨ ਸੰਸਦ ਮੈਂਬਰ ਚੰਦਰ ਆਰੀਆ ਨੇ ਹਿੰਦੂ-ਕੈਨੇਡੀਅਨ ਭਾਈਚਾਰਿਆਂ ਵਿਰੁੱਧ ਹਿੰਸਾ ਦੀਆਂ ਵੱਧ ਰਹੀਆਂ ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦੀ ਤਸਵੀਰ ਸ਼ੇਅਰ ਕੀਤੀ ਹੈ। ਪੋਸਟ ਵਿੱਚ ਲਿਖਿਆ ਹੈ, 'ਕੈਨੇਡੀਅਨ ਹਿੰਦੂ ਚੈਂਬਰ ਆਫ ਕਾਮਰਸ ਨੇ ਪੁਸ਼ਟੀ ਕੀਤੀ ਹੈ ਕਿ ਕੈਨੇਡਾ ਦੇ ਐਡਮਿੰਟਨ ਵਿੱਚ ਬੀ.ਏ.ਪੀ.ਐਸ ਮੰਦਰ ਨੂੰ ਤਾਜ਼ਾ ਨਿਸ਼ਾਨਾ ਬਣਾਇਆ ਗਿਆ ਹੈ। ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੇ ਕੁਝ ਹਿੰਦੂ ਸੰਸਦ ਮੈਂਬਰਾਂ ਵਿੱਚੋਂ ਇੱਕ ਆਰੀਆ ਨੂੰ ਧਮਕੀ ਦਿੱਤੀ ਗਈ ਹੈ। ਇਸ ਕਾਰਨ ਸਾਰੇ ਲੋਕਾਂ ਵਿੱਚ ਰੋਸ ਹੈ।

ਸੰਸਦ ਮੈਂਬਰ ਚੰਦਰ ਆਰੀਆ ਨੇ ਕਿਹਾ ਕਿ ਕੈਨੇਡਾ ਵਿੱਚ ਹਿੰਦੂ ਮੰਦਰਾਂ ਵਿੱਚ ਭੰਨਤੋੜ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਉਨ੍ਹਾਂ ਅੱਗੇ ਲਿਖਿਆ, 'ਐਡਮਿੰਟਨ ਵਿੱਚ ਬੀ.ਏ.ਪੀ.ਐਸ ਸਵਾਮੀਨਾਰਾਇਣ ਮੰਦਰ ਵਿੱਚ ਫਿਰ ਤੋਂ ਭੰਨਤੋੜ ਕੀਤੀ ਗਈ। ਪਿਛਲੇ ਕੁਝ ਸਾਲਾਂ ਦੌਰਾਨ ਕੈਨੇਡਾ ਵਿਚ ਗ੍ਰੇਟਰ ਟੋਰਾਂਟੋ ਏਰੀਆ, ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਥਾਵਾਂ 'ਤੇ ਹਿੰਦੂ ਮੰਦਰਾਂ ਵਿਚ ਭਾਰਤ ਵਿਰੋਧੀ ਨਾਅਰਿਆਂ ਨਾਲ ਭੰਨਤੋੜ ਕੀਤੀ ਜਾ ਰਹੀ ਹੈ।




# ਕੈਨੇਡਾ 'ਚ ਪੰਜਾਬੀ ਵਿਦਿਆਰਥਣ ਸਮੇਤ ਤਿੰਨ ਕੁੜੀਆਂ ਦੀ ਸਿੰਗਲ ਵ੍ਹੀਕਲ ਹਾਦਸੇ ਵਿੱਚ ਮੌਤ

**ਬਰੈਂਪਟਨ:** ਕੈਨੇਡਾ ਦੇ ਉਨਟਾਰੀਓ ਦੇ ਪੈਰੀ ਸਾਊਂਡ ਲਾਗੇ ਸ਼ਨਿਚਰਵਾਰ ਰਾਤੀ ਹੋਏ ਸਿੰਗਲ ਵ੍ਹੀਕਲ ਹਾਦਸੇ ਜਿਸ ਵਿੱਚ ਕਾਰ ਬੇਕਾਬੂ ਹੋਕੇ ਦਰਖਤ ਨਾਲ ਟਕਰਾ ਗਈ ਸੀ ਦੌਰਾਨ ਗੁਰਦਾਸਪੁਰ ਦੇ ਪਿੰਡ ਸੁੱਖਾ ਚਿੜਾ ਦੀ ਰਹਿਣ ਵਾਲੀ 21 ਸਾਲਾ ਲੜਕੀ ਲਖਵਿੰਦਰ ਕੌਰ ਉਰਫ਼ ਕੋਮਲ ਸਮੇਤ ਤਿੰਨ ਕੁੜੀਆਂ ਦੀ ਮੌਤ ਹੋ ਗਈ ਹੈ ਅਤੇ ਇਕ ਲੜਕਾ ਜ਼ਖਮੀ ਹੋਇਆ ਹੈ। ਲੋਕਲ ਪੁਲਿਸ ਨੇ ਹਾਲੇ ਕਿਸੇ ਦੀ ਵੀ ਪਛਾਣ ਨਹੀਂ ਦੱਸੀ ਹੈ ਪਰ ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਲੜਕੀ ਦੇ ਚਾਚਾ ਨਰਿੰਦਰ ਸਿੰਘ ਨੇ ਦੱਸਿਆ ਹੈ ਕਿ ਉਸ ਦੀ 21 ਸਾਲਾ ਭਤੀਜੀ ਲਖਵਿੰਦਰ ਕੌਰ ਉਰਫ਼ ਕੋਮਲ ਪੁੱਤਰੀ ਬਲਵਿੰਦਰ ਸਿੰਘ 10 ਮਹੀਨੇ ਪਹਿਲਾਂ ਪੜ੍ਹਾਈ ਲਈ ਕੈਨੇਡਾ ਗਈ ਸੀ। ਉਸ ਨੇ ਦੱਸਿਆ ਕਿ ਉਹ ਆਪਣੇ ਚਾਰ ਦੋਸਤਾਂ ਨਾਲ ਕਾਰ 'ਚ ਸਵਾਰ ਹੋ ਕੇ ਕਿਸੇ ਕੰਮ ਲਈ ਜਾ ਰਹੀ ਸੀ। ਇਸ ਦੌਰਾਨ ਕਾਰ ਬੇਕਾਬੂ ਹੋ ਕੇ ਦਰੱਖਤ ਨਾਲ ਟਕਰਾ ਗਈ।

ਇਸ ਹਾਦਸੇ ਵਿੱਚ ਕੋਮਲ ਸਮੇਤ ਤਿੰਨ ਹੋਰ ਲੜਕੀਆਂ ਦੀ ਮੌਤ ਹੋ ਗਈ, ਜਦਕਿ ਇੱਕ ਲੜਕਾ ਗੰਭੀਰ ਜ਼ਖ਼ਮੀ ਹੋ ਗਿਆ।

ਅਜਿਹੀ ਸਿਹਤ ਸਲਾਹ ਲਈ, ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ, HealthLinkBC.ca 'ਤੇ ਜਾਓ।

ਜੇ ਤੁਹਾਡੇ ਕੋਈ ਸਵਾਲ ਹਨ, ਤੁਸੀਂ ਆਪਣੇ ਲੱਛਣਾਂ ਦੀ ਜਾਂਚ ਕਰਨ ਅਤੇ ਭਰੋਸੇਯੋਗ ਸਿਹਤ ਜਾਣਕਾਰੀ ਪ੍ਰਾਪਤ ਕਰਨ ਲਈ HealthLinkBC.ca 'ਤੇ ਜਾ ਸਕਦੇ ਹੋ। ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਲਈ, 24/7, 8-1-1 'ਤੇ ਫੋਨ ਕਰੋ।

HealthLinkBC.ca 'ਤੇ ਵਧੇਰੇ ਦੇਖਭਾਲ ਲਈ ਜੁੜੋ




BRITISH COLUMBIA

# PUNJABI JOURNAL

SW MEDIA GROUP

Volume: 17, Issue: 30 || Ph: 604-507-8009, FAX:1-855-796-3342 || Friday, July 26, 2024


## ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਜਿੱਤਿਆ ਮੈਟਰੋ ਕਬੱਡੀ ਕੱਪ



ਵਿਨੀਪੈਂਗ: ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਝੰਡੇ ਹੇਠ ਮੈਟਰੋ ਪੰਜਾਬੀ ਸਪੋਰਟਸ ਕਲੱਬ ਵੱਲੋਂ ਕਬੱਡੀ ਕੱਪ ਕਰਵਾਇਆ ਗਿਆ। ਇਸ ਨੂੰ ਜਿੱਤਣ ਦਾ ਮਾਣ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਹਾਸਲ ਕੀਤਾ। ਟੋਰਾਂਟੋ ਕਬੱਡੀ ਸੀਜ਼ਨ-2024 'ਚ ਟੋਰਾਂਟੋ ਪੰਜਾਬੀ ਕਲੱਬ ਦੀ ਇਹ ਦੂਸਰੀ ਖਿਤਾਬੀ ਜਿੱਤ ਸੀ।

ਸੀਜ਼ਨ ਦੇ ਇਸ ਪੰਜਵੇਂ ਕੱਪ ਦੌਰਾਨ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਉਪ ਜੇਤੂ ਰਹੀ। ਜਸਮਨਪ੍ਰੀਤ ਰਾਜੂ ਤੇ ਜੱਗਾ ਚਿੱਟੀ ਨੇ ਕ੍ਰਮਵਾਰ ਸਰਵੋਤਮ ਧਾਵੀ ਤੇ ਜਾਫੀ ਬਣਨ ਦਾ ਮਾਣ ਹਾਸਲ ਕੀਤਾ। ਜੂਨੀਅਰ ਟੀਮਾਂ ਦੇ ਮੁਕਾਬਲੇ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗੱਭਰੇਟ ਲਗਾਤਾਰ ਪੰਜਵੀਂ ਵਾਰ ਅੱਵਲ ਰਹੇ।

ਇਸ ਕੱਪ ਦੇ ਪਹਿਲੇ ਮੈਚ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਯੂਨਾਈਟਿਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੂੰ 40-31.5 ਅੰਕਾਂ ਨਾਲ ਹਰਾ ਕੇ ਸੈਮੀਫਾਈਨਲ 'ਚ ਥਾਂ ਬਣਾਈ। ਦੂਸਰੇ ਮੈਚ 'ਚ ਮੈਟਰੋ ਪੰਜਾਬੀ ਸਪੋਰਟਸ ਕਲੱਬ, ਓ.ਕੇ.ਸੀ. ਕਬੱਡੀ ਕਲੱਬ ਨੂੰ 38.5-36 ਅੰਕਾਂ ਨਾਲ ਹਰਾ ਕੇ ਸੈਮੀਫਾਈਨਲ 'ਚ ਪੁੱਜੀ। ਤੀਸਰੇ ਮੈਚ 'ਚ ਜੀਟੀਏ ਕਬੱਡੀ ਕਲੱਬ ਦੀ ਟੀਮ ਨੇ ਯੂਨਾਈਟਿਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ 36.5-36 ਅੰਕਾਂ ਨਾਲ ਹਰਾਇਆ। ਚੌਥੇ ਮੈਚ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਓ.ਕੇ.ਸੀ. ਕਲੱਬ ਦੀ ਟੀਮ ਨੂੰ 34-27.5 ਅੰਕਾਂ ਨਾਲ ਹਰਾ ਕੇ ਸੈਮੀਫਾਈਨਲ 'ਚ ਥਾਂ ਪੱਕੀ ਕੀਤੀ।

ਪਹਿਲੇ ਸੈਮੀਫਾਈਨਲ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੇ ਮੇਜ਼ਬਾਨ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 37-36.5 ਅੰਕਾਂ ਨਾਲ ਹਰਾ ਕੇ ਫਾਈਨਲ 'ਚ ਥਾਂ ਬਣਾਈ। ਦੂਸਰੇ ਸੈਮੀਫਾਈਨਲ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੇ ਜੀਟੀਏ ਕਲੱਬ ਦੀ ਟੀਮ ਨੂੰ 45.5-33 ਅੰਕਾਂ ਦੇ ਵੱਡੇ ਅੰਤਰ ਨਾਲ ਹਰਾਇਆ। ਬੇਹੱਦ ਰੌਚਕ ਫਾਈਨਲ ਮੁਕਾਬਲੇ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 48.5-46 ਅੰਕਾਂ ਨਾਲ ਹਰਾ ਕੇ ਖਿਤਾਬ ਜਿੱਤਿਆ।

ਅੰਡਰ-21 ਵਰਗ 'ਚ ਲਗਾਤਾਰ ਪੰਜਵੀਂ ਵਾਰ ਕੋਚ ਭੋਲਾ ਲਿੱਟ ਤੇ ਸੁਰਿੰਦਰ ਟੋਨੀ ਕਾਲਖ ਤੋਂ ਸਿਖਲਾਈ ਯਾਫਤਾ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗਭਰੇਟ ਜੇਤੂ ਰਹੇ। ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਉਪ ਜੇਤੂ ਰਹੀ। ਇਸ ਕੱਪ ਦੇ ਜੇਤੂ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੇ ਖਿਡਾਰੀ ਜਸਮਨਪ੍ਰੀਤ ਸਿੰਘ ਰਾਜੂ ਨੇ 32 ਧਾਵੇ ਬੋਲ ਕੇ 29 ਅੰਕ ਹਾਸਲ ਕੀਤੇ ਅਤੇ ਸਰਵੋਤਮ ਧਾਵੀ ਦਾ ਖਿਤਾਬ ਜਿੱਤਿਆ।

ਉਪ ਜੇਤੂ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਦੇ ਖਿਡਾਰੀ ਜੱਗਾ ਚਿੱਟੀ ਨੇ 32 ਕੋਸ਼ਿਸ਼ਾਂ ਤੋਂ 11 ਜੱਫੇ ਲਗਾ ਕੇ ਸਰਵੋਤਮ ਜਾਫੀ ਦਾ ਕਿਤਾਬ ਜਿੱਤਿਆ। ਦੋਵਾਂ ਖਿਡਾਰੀਆਂ ਨੇ ਇਸ ਸੀਜ਼ਨ ਦੌਰਾਨ ਪਹਿਲੀ ਵਾਰ ਉਕਤ ਖਿਤਾਬ ਜਿੱਤੇ।

## ਲੋਕ ਸਭਾ ਵਿੱਚ ਬਿੱਟੂ ਅਤੇ ਚੰਨੀ ਹੋਏ ਮਿਹਣੋ-ਮਿਹਣੀ



**ਦਿੱਲੀ:** ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ 'ਚ ਅੱਜ ਕੇਂਦਰ ਸਰਕਾਰ 'ਤੇ ਦੇਸ਼ 'ਚ 'ਅਣਐਲਾਨੀ ਐਮਰਜੈਂਸੀ' ਲਗਾਉਣ ਦਾ ਦੋਸ਼ ਲਾਇਆ। ਬਜਟ 'ਤੇ ਬਹਿਸ 'ਚ ਹਿੱਸਾ ਲੈਣ ਦੌਰਾਨ ਉਹ ਅਤੇ ਭਾਜਪਾ ਆਗੂ ਤੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਮਿਹਣੋ-ਮਿਹਣੀ ਵੀ ਹੋਏ। ਇਸ ਦੌਰਾਨ ਸਦਨ ਦੀ ਕਾਰਵਾਈ ਦੋ ਵਾਰ ਰੋਕਣੀ ਪਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਚੰਨੀ ਖਿਲਾਫ਼ ਮਰਿਆਦਾ ਮਤਾ ਲਿਆਉਣ ਦੀ ਮੰਗ ਕੀਤੀ। ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਸਾਨਾਂ ਨੂੰ ਖਾਲਿਸਤਾਨੀ ਕਰਾਰ ਦੇਣ ਲਈ ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਇਸ ਵਾਰ ਦੇ ਬਜਟ 'ਚ ਪੰਜਾਬ ਨੂੰ ਅਣਗੌਲਿਆ ਕੀਤਾ ਗਿਆ ਹੈ।

ਚੰਨੀ ਅਤੇ ਰੇਲਵੇ ਤੇ ਫੂਡ ਪ੍ਰੋਸੈਸਿੰਗ ਸਨਅਤਾਂ ਬਾਰੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਕਾਰ ਨਿੱਜੀ ਟਿੱਪਣੀਆਂ ਕਾਰਨ ਜ਼ੋਰਦਾਰ ਹੰਗਾਮਾ ਹੋਇਆ। ਚੰਨੀ ਨੇ ਬਿੱਟੂ ਦੇ ਦਾਦੇ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦਾ ਜ਼ਿਕਰ ਕੀਤਾ। ਇਸ ਨਾਲ ਬਿੱਟੂ, ਜੋ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ, ਅਤੇ ਚੰਨੀ ਵਿਚਕਾਰ ਤਿੱਖੀ ਬਹਿਸ ਹੋਈ। ਬਿੱਟੂ ਨੇ ਚੰਨੀ ਅਤੇ ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਖਿਲਾਫ਼ ਨਿੱਜੀ ਟਿੱਪਣੀਆਂ ਕੀਤੀਆਂ ਜਿਸ ਨਾਲ ਹੰਗਾਮਾ ਵਧ ਗਿਆ। ਚੰਨੀ ਨੇ ਬਿੱਟੂ ਨੂੰ ਕਿਹਾ, ''ਤੁਹਾਡੇ ਦਾਦਾ ਸ਼ਹੀਦ ਸਨ, ਪਰ ਉਹ ਉਦੋਂ ਮਰ ਗਏ ਜਦੋਂ ਤੁਸੀਂ ਕਾਂਗਰਸ ਛੱਡ ਦਿੱਤੀ।'' ਇਸ 'ਤੇ ਬਿੱਟੂ ਨੇ ਕਿਹਾ, ''ਮੇਰੇ ਦਾਦਾ ਬੇਅੰਤ ਸਿੰਘ ਨੇ ਦੇਸ਼ ਲਈ ਕੁਰਬਾਨੀ ਦਿੱਤੀ ਸੀ, ਕਾਂਗਰਸ ਲਈ ਨਹੀਂ।'' ਉਨ੍ਹਾਂ ਚੰਨੀ ਨੂੰ ਪੰਜਾਬ ਦਾ ਸਭ ਤੋਂ ਭ੍ਰਿਸ਼ਟ ਵਿਅਕਤੀ ਕਰਾਰ ਦਿੱਤਾ। ਹੰਗਾਮਾ ਵਧਦਾ ਦੇਖ ਕੇ ਸਦਨ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਅੱਧੇ ਘੰਟੇ ਲਈ ਮੁਲਤਵੀ ਕਰ ਦਿੱਤੀ ਗਈ।

## ਕਮਲਾ ਹੈਰਿਸ ਇਕ ਸਾਲ 'ਚ ਅਮਰੀਕਾ ਨੂੰ ਕਰ ਦੇਵੇਗੀ ਤਬਾਹ: ਟਰੰਪ



**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਬੁੱਧਵਾਰ ਨੂੰ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇਸ਼ 'ਤੇ ਸ਼ਾਸਨ ਕਰਨ ਦੇ ਯੋਗ ਨਹੀਂ ਹਨ। ਹੈਰਿਸ ਦੇ ਸੰਭਾਵਿਤ ਉਮੀਦਵਾਰ ਬਣਨ ਤੋਂ ਬਾਅਦ ਪਹਿਲੀ ਵਾਰ ਆਪਣੀ ਚੋਣ ਰੈਲੀ ਨੂੰ ਸੰਬੋਧਿਤ ਕਰਦੇ ਹੋਏ ਟਰੰਪ ਨੇ ਆਪਣੇ ਡੈਮੋਕ੍ਰੇਟਿਕ ਵਿਰੋਧੀ 'ਤੇ ਇਹ ਤਿੱਖਾ ਹਮਲਾ ਕੀਤਾ। ਰਾਸ਼ਟਰਪਤੀ ਜੋਅ ਬਾਈਡੇਨ (81) ਨੇ ਕਮਲਾ ਹੈਰਿਸ ਦੇ ਨਾਮ ਦਾ ਸਮਰਥਨ ਕੀਤਾ ਸੀ ਜਦੋਂ ਉਸਨੇ ਪਿਛਲੇ ਹਫ਼ਤੇ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਆਪਣਾ ਨਾਮ ਵਾਪਸ ਲੈ ਲਿਆ ਸੀ। ਹੈਰਿਸ (59) ਹੁਣ ਸੰਭਾਵੀ ਡੈਮੋਕਰੇਟਿਕ ਉਮੀਦਵਾਰ ਹਨ ਅਤੇ ਅਗਸਤ ਵਿੱਚ ਹੋਣ ਵਾਲੀ 'ਡੈਮੋਕਰੇਟਿਕ ਨੈਸ਼ਨਲ ਕਨਵੈਨਸ਼ਨ' ਵਿੱਚ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦਾ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਜਾਵੇਗਾ। ਟਰੰਪ ਨੇ ਕਿਹਾ, "ਕਮਲਾ ਹੈਰਿਸ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਉਦਾਰਵਾਦੀ ਚੁਣੀ ਗਈ ਸਿਆਸਤਦਾਨ ਹੈ। ਉਹ ਇੱਕ ਅਤਿ-ਉਦਾਰਵਾਦੀ ਸਿਆਸਤਦਾਨ ਹੈ। ਉਹ ਬਰਨੀ ਸੈਂਡਰਜ਼ ਤੋਂ ਵੀ ਵੱਧ ਉਦਾਰਵਾਦੀ ਹੈ।" ਸਾਬਕਾ ਰਾਸ਼ਟਰਪਤੀ ਨੇ ਦੋਸ਼ ਲਾਇਆ, "ਜੇ ਉਹ ਕਦੇ ਸੱਤਾ ਵਿੱਚ ਆਉਂਦੀ ਹੈ, ਤਾਂ ਉਹ ਇਸ ਦੇਸ਼ ਨੂੰ ਬਹੁਤ ਜਲਦੀ ਤਬਾਹ ਕਰ ਦੇਵੇਗੀ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਹੈਰਿਸ ਇੱਕ ਸਰਹੱਦੀ ਮੁਖੀ ਸਨ, ਪਰ ਉਹ ਕਦੇ ਵੀ ਸਰਹੱਦ 'ਤੇ ਨਹੀਂ ਗਏ।"

ਟਰੰਪ ਨੇ ਕਿਹਾ,''ਜੇਕਰ ਕਮਲਾ ਤੁਹਾਡੇ ਨਾਲ ਜੋਅ ਬਾਈਡੇਨ ਦੀ ਮਾਨਸਿਕ ਅਸਮਰਥਤਾ ਬਾਰੇ ਇੰਨੀ ਬੇਸ਼ਰਮੀ ਨਾਲ ਝੂਠ ਬੋਲ ਸਕਦੀ ਹੈ ਤਾਂ ਉਹ ਤੁਹਾਡੇ ਨਾਲ ਕਿਸੇ ਵੀ ਚੀਜ਼ ਬਾਰੇ ਝੂਠ ਬੋਲ ਸਕਦੀ ਹੈ। ਉਨ੍ਹਾਂ 'ਤੇ ਕਦੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਧੋਖੇਬਾਜ਼ ਜੋਅ ਬਾਈਡੇਨ ਵਾਂਗ ਕਮਲਾ ਹੈਰਿਸ ਵੀ ਅਗਵਾਈ ਕਰਨ ਲਈ ਅਯੋਗ ਹੈ। ਉਹ ਇਕ ਸਾਲ ਵਿਚ ਸਾਡੇ ਦੇਸ਼ ਨੂੰ ਤਬਾਹ ਕਰ ਦੇਵੇਗੀ।" ਉਸ ਨੇ ਕਿਹਾ, "ਇਸ ਨਵੰਬਰ ਵਿਚ ਅਮਰੀਕੀ ਲੋਕ ਉਸ ਨੂੰ ਕਹਿਣਗੇ, ਬਹੁਤ ਹੋ ਗਿਆ ਕਮਲਾ, ਹੁਣ ਤੁਹਾਡਾ ਧੰਨਵਾਦ। ਤੁਸੀਂ ਬਹੁਤ ਮਾੜਾ ਕੰਮ ਕੀਤਾ ਹੈ। ਤੁਸੀਂ ਜੋ ਵੀ ਕੀਤਾ ਹੈ, ਤੁਹਾਡਾ ਪ੍ਰਦਰਸ਼ਨ ਬਹੁਤ ਮਾੜਾ ਰਿਹਾ ਹੈ। ਤੁਸੀਂ ਇੱਕ ਅਤਿ-ਉਦਾਰਵਾਦੀ ਹੋ। ਅਸੀਂ ਤੁਹਾਨੂੰ ਇੱਥੇ ਨਹੀਂ ਚਾਹੁੰਦੇ। ਅਸੀਂ ਤੁਹਾਨੂੰ ਕਿਤੇ ਨਹੀਂ ਚਾਹੁੰਦੇ। ਕਮਲਾ, ਤੈਨੂੰ ਕੱਢ ਦਿੱਤਾ ਗਿਆ ਹੈ। ਇਥੋਂ ਬਾਹਰ ਜਾਓ. ਤੁਹਾਨੂੰ ਕੱਢ ਦਿੱਤਾ ਗਿਆ ਹੈ।"

## ਕੈਨੇਡੀਅਨ ਗਾਇਕ ਬ੍ਰਾਇਨ ਐਡਮਸ ਆਉਣਗੇ ਭਾਰਤ



**ਦਿੱਲੀ** : ਕੈਨੇਡੀਅਨ ਗਾਇਕ ਬ੍ਰਾਇਨ ਐਡਮਸ ਇਸ ਸਾਲ ਦਸੰਬਰ ਵਿਚ ਭਾਰਤ ਦਾ ਦੌਰਾ ਕਰਨ ਜਾ ਰਹੇ ਹਨ। ਐਡਮਸ (64) 10 ਤੋਂ 16 ਦਸੰਬਰ ਤੱਕ ਪੰਜ ਸ਼ਹਿਰਾਂ ਦੇ ਦੌਰੇ 'ਤੇ ਹੋਣਗੇ ਅਤੇ ਸ਼ਿਲਾਂਗ, ਗੁਰੂਗ੍ਰਾਮ, ਮੁੰਬਈ, ਬੈਂਗਲੁਰੂ ਅਤੇ ਹੈਦਰਾਬਾਦ ਵਰਗੇ ਸ਼ਹਿਰਾਂ 'ਚ ਜਾਣਗੇ। ਉਨ੍ਹਾਂ ਨੇ 1993-1994 ਵਿੱਚ ਭਾਰਤ ਦਾ ਪਹਿਲਾ ਦੌਰਾ ਕੀਤਾ। ਇਸ ਤੋਂ ਬਾਅਦ ਉਹ 2001, 2006, 2011 ਅਤੇ 2018 ਵਿੱਚ ਵੀ ਭਾਰਤ ਆਏ ਸਨ। ਇਹ ਉਨ੍ਹਾਂ ਦੀ ਭਾਰਤ ਦੀ ਛੇਵੀਂ ਯਾਤਰਾ ਹੋਵੇਗੀ।

ਉਨ੍ਹਾਂ ਨੇ ਇਕ ਬਿਆਨ ਵਿੱਚ ਕਿਹਾ ਕਿ ਮੈਂ ਭਾਰਤ ਆਉਣ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ! ਮੈਂ ਭਾਰਤੀ ਦਰਸ਼ਕਾਂ ਨਾਲ ਇੱਕ ਵਿਲੱਖਣ ਸਬੰਧ ਮਹਿਸੂਸ ਕਰਦਾ ਹਾਂ। ਸੰਗੀਤ ਲਈ ਤੁਹਾਡਾ ਜਨੂੰਨ ਸੱਚਮੁੱਚ ਪ੍ਰੇਰਨਾਦਾਇਕ ਹੈ ਅਤੇ ਮੈਂ ਤੁਹਾਡੇ ਸਾਰੇ ਮਨਪਸੰਦ ਗੀਤਾਂ ਨੂੰ ਪੇਸ਼ ਕਰਨ ਲਈ ਉਤਸੁਕ ਹਾਂ, ਪੁਰਾਣੇ ਅਤੇ ਕੁਝ ਨਵੇਂ ਵੀ। ਇਹ ਟੂਰ ਸੰਗੀਤ ਦਾ ਜਸ਼ਨ ਹੈ ਜਿਸ ਨੇ ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਜੋੜਿਆ ਹੈ।

# ਸੁਖਬੀਰ ਬਾਦਲ ਸ਼੍ਰੀ ਅਕਾਲ ਤਖਾਤ ਸਾਹਿਬ ਵਿਖੇ ਹੋਏ ਪੇਸ਼



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਪਹੁੰਚੇ ਹਨ। ਇਸ ਤੋਂ ਬਾਅਦ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਲਿਫਾਫਾ ਬੰਦ ਲਿਖਤੀ ਜਵਾਬ ਸੌਂਪਿਆ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਜਥੇਦਾਰ ਨੂੰ ਲਿਖਤੀ ਜਵਾਬ ਸੌਂਪਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਅਗਲਾ ਫ਼ੈਸਲਾ ਸਿੰਘ ਸਾਹਿਬਾਨਾਂ ਨੇ ਆਪਣੇ ਵਿਚਾਰਾਂ ਤੋਂ ਬਾਅਦ ਕਰਨਗੇ।

ਅਕਾਲੀ ਦਲ ਦੇ ਸੀਨੀਅਰ ਆਗੂ ਬੁਲਾਰੇ ਦਲਜੀਤ ਸਿੰਘ ਚੀਮਾ ਅਤੇ ਬਲਵਿੰਦਰ ਸਿੰਘ ਭੂੰਦੜ ਵੀ ਉਨ੍ਹਾਂ ਦੇ ਨਾਲ ਨਜ਼ਰ ਆਏ। ਇਥੇ ਇਹ ਵੀ ਦੱਸਣਯੋਗ ਹੈ ਕਿ ਮੰਗਲਵਾਰ ਸ਼ਾਮ ਸੁਖਬੀਰ ਬਾਦਲ ਨੇ ਅਕਾਲੀ ਦਲ ਦੀ ਕੋਰ ਕਮੇਟੀ ਨੂੰ ਭੰਗ ਕਰ ਦਿੱਤਾ ਸੀ।

ਪੰਜ ਸਿੰਘ ਸਾਹਿਬਾਨਾਂ ਵਲੋਂ 15 ਦਿਨਾਂ ਵਿਚ ਸਪੱਸ਼ਟੀਕਰਨ ਮੰਗੇ ਜਾਣ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਸੀ ਕਿ ਉਹ ਇਕ ਸ਼ਰਧਾਵਾਨ ਅਤੇ ਨਿਮਾਣੇ ਸਿੱਖ ਵੱਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਤਮਸਤਕ ਹੋਣਗੇ।

ਇਸੇ ਤਰ੍ਹਾਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਫ਼ੈਸਲੇ ਨੂੰ ਸਹੀ ਠਹਿਰਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੇ 90 ਲੱਖ ਦੇ ਇਸ਼ਤਿਹਾਰਾਂ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ ਹੈ।

# ਬੀ.ਸੀ. 'ਚ ਸਿੱਖ ਵਿਦਿਆਰਥੀ ਨੂੰ ਮਿਲਿਆ 'ਯੰਗ ਲੀਡਰਜ਼ ਐਵਾਰਡ'



**ਸਰੀ:** ਵਾਤਾਵਰਣ ਲਈ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ 'ਵਾਕਿੰਗ ਸੌਫਟਰ' ਵਲੋਂ ਬ੍ਰਿਟਿਸ਼ ਕੋਲੰਬੀਆ ਦੇ ਹੋਣਹਾਰ ਪੰਜਾਬੀ ਵਿਦਿਆਰਥੀ ਅਭੈਜੀਤ ਸਿੰਘ ਸੱਚਲ ਨੂੰ 'ਯੰਗ ਲੀਡਰਜ਼ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸੰਸਥਾ ਵਲੋਂ ਅਭੈਜੀਤ ਸਿੰਘ ਨੂੰ ਇਸ ਐਵਾਰਡ ਤਹਿਤ 75 ਹਜ਼ਾਰ ਡਾਲਰ ਭਾਵ ਤਕਰੀਬਨ 45 ਲੱਖ ਰੁਪਏ ਦਿੱਤੇ ਹਨ। 'ਵਾਕਿੰਗ ਸੌਫਟਰ' ਵਲੋਂ ਇਹ ਸਨਮਾਨ ਦੁਨੀਆ ਭਰ 'ਚ ਸਿਰਫ 12 ਵਿਦਿਆਰਥੀਆਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਅਭੈਜੀਤ ਸਿੰਘ ਸੱਚਲ ਇਕੋ-ਇਕ ਦਸਤਾਰਧਾਰੀ ਸਿੱਖ ਵਿਦਿਆਰਥੀ ਹੈ।

ਸੰਸਥਾ ਵਲੋਂ ਇਹ ਵੱਕਾਰੀ ਸਨਮਾਨ ਹਰ 2 ਸਾਲ ਬਾਅਦ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਜਲਵਾਯੂ ਤੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਅਹਿਮ ਯੋਗਦਾਨ ਪਾਇਆ ਹੋਵੇ। ਅੰਮ੍ਰਿਤਸਰ ਨਾਲ ਸੰਬੰਧਿਤ ਅਭੈਜੀਤ ਸਿੰਘ ਸੱਚਲ ਯੂਨੀਵਰਸਿਟੀ ਆਫ਼ ਰੀਜਾਈਨਾ ਵਿਖੇ ਐਜੂਕੇਸ਼ਨਲ ਸਾਇਕੋਲੋਜੀ ਦੀ ਪੜ੍ਹਾਈ ਕਰ ਰਿਹਾ ਹੈ।

# ਬਾਹਰ ਕੀ ਲੱਭਦਾ ਏਂ

ਜਰਾ ਆਪਣੇ ਅੰਦਰ ਝਾਕ , ਬਾਹਰ ਕੀ ਲੱਭਦਾ ਏਂ
ਉਹਦਾ ਤੇਰੇ ਅੰਦਰ ਵਾਸ, ਬਾਹਰ ਕੀ ਲੱਭਦਾ ਏਂ

*****************************+

ਚੁੱਲੇ ਤੇਰੇ ਆਪ ਜਲਾਊ , ਆਪੇ ਤੇਰੀ ਭੁੱਖ ਮਿਟਾਊ
ਦਿੱਤੇ ਜਿਹਨੇ ਸਵਾਸ , ਬਾਹਰ ਕੀ ਲੱਭਦਾ ਏਂ
ਜਰਾ ਆਪਣੇ ਅੰਦਰ ਝਾਕ , ਬਾਹਰ ਕੀ ਲੱਭਦਾ ਏਂ

*******************************

ਕੀ ਭਾਲਦੈਂ ਬੰਦਿਆਂ ਕੋਲੋਂ ,ਪੀੜ ਹੀ ਮਿਲਣੀ ਕੰਡਿਆਂ ਕੋਲੋਂ
ਰੱਖ ਰੱਬ ਦੇ ਉੱਤੇ ਆਸ , ਬਾਹਰ ਕੀ ਲੱਭਦਾ ਏਂ
ਜਰਾ ਆਪਣੇ ਅੰਦਰ ਝਾਕ ਬਾਹਰ ਕੀ ਲੱਭਦਾ ਏਂ

******************************

ਪੱਥਰਾਂ ਵਿੱਚ ਉਹ ਕੀੜੇ ਪਾਲੇ , ਨੇਹਰਿਆ ਦੇ ਵਿੱਚ ਕਰੇ ਉਜਾਲੇ
ਬਰਫ਼ਾਂ ਵਿੱਚ ਉਹ ਤਪਸ਼ਾਂ ਦਿੰਦਾ , ਧੁੱਪ ਚ ਠੰਡੀਆਂ ਬਕਸ਼ਾਂ ਦਿੰਦਾ
ਉਹ ਵੱਸਦਾ ਤੇਰੇ ਪਾਸ , ਦੂਰ ਕੀ ਲੱਭਦਾ ਏਂ
ਜਰਾਂ ਆਪਣੇ ਅੰਦਰ ਝਾਕ , ਬਾਹਰ ਕੀ ਲੱਭਦਾ ਏਂ

**********************************

ਚੁਗਲੀ ਨਿੰਦਿਆ ਭੰਡਣਾ ਛੱਡਦੇ, ਬੰਦਿਆਂ ਕੋਲੋਂ ਮੰਗਣਾ ਛੱਡਦੇ
ਰੱਬ ਤੇ ਰੱਖ ਧਰਵਾਸ , ਬਾਹਰ ਕੀ ਲੱਭਦਾ ਏਂ
ਜਰਾ ਅੰਦਰ ਵੱਲ ਨੂੰ ਝਾਕ , ਬਾਹਰ ਕੀ ਲੱਭਦਾ ਏਂ

*****************************

ਜਪੁਜੀ ਪੜ੍ਹਕੇ ਮੰਨਣ ਲੱਗਜਾ , ਬਾਣੀ ਪੱਲੇ ਬੰਨਣ ਲੱਗਜਾ
ਸ਼ਾਮੀ ਕਰ ਰਹਿਰਾਸ , ਬਾਹਰ ਕੀ ਦੱਸਦਾ ਏਂ
ਜ਼ਰਾ ਆਪਣੇ ਅੰਦਰ ਝਾਕ ਬਾਹਰ ਕੀ ਲੱਭਦਾ ਏਂ

*********************************

ਮਾਇਆ ਪਿੱਛੇ ਲੱਗਾ ਫਿਰਦੈਂ ,ਜਿਹਨਾਂ ਲਈ ਤੂੰ ਭੱਜਾ ਫਿਰਦੈਂ ,
ਕਿਸੇ ਨਾ ਪੁੱਛਣੀ ਬਾਤ , ਬਾਹਰ ਕੀ ਲੱਭਦਾ ਏਂ



ਜਰਾ ਆਪਣੇ ਅੰਦਰ ਝਾਕ , ਬਾਹਰ ਕੀ ਲੱਭਦਾ ਏਂ

**********************************

ਜਿੰਨੇ ਰੱਬ ਨੇ ਲਿਖਤੇ ਦਾਣੇ ,
ਇਹ ਤਾਂ ਮਿੱਤਰਾ ਉੰਨੇ ਈ ਖਾਣੇ

ਪੈਸੇ ਧੇਲੇ ਕੋਠੀਆਂ ਲਾਣੇ,
ਡਾਨਸੀਵਾਲੀਆ ਨਾਲ ਨੀ ਜਾਣੇ

ਅੰਤ ਵੇਲੇ ਜਦ ਗੋਡੇ ਜੁੜਗੇ,
ਸਾਹਾਂ ਵਾਲੇ ਪਰਿੰਦੇ ਉੜਗੇ

ਸਭ ਨੇ ਕਹਿਣਾ ਚੱਕਲੋ ਚੱਕਲੋ,
ਅਰਥੀ ਉੱਤੇ ਰੱਖਲੋ ਰੱਖਲੋ

ਸਾੜ ਦੇਣਾ ਤੇਰਾ ਮਾਸ ,
ਬਾਹਰ ਕੀ ਲੱਭਦਾ ਏਂ

ਉਹ ਬੈਠਾ ਤੇਰੇ ਪਾਸ,
ਦੂਰ ਕੀ ਲੱਭਦਾ ਏਂ

ਜਰਾ ਆਪਣੇ ਅੰਦਰ ਝਾਕ,
ਬਾਹਰ ਕੀ ਲੱਭਦਾ ਏਂ

ਉਹਦਾ ਤੇਰੇ ਅੰਦਰ ਵਾਸ,
ਬਾਹਰ ਕੀ ਲੱਭਦਾ ਏਂ

**ਕੁਲਵੀਰ ਸਿੰਘ ਡਾਨਸੀਵਾਲ**
778 863 2472






# ਹਿੰਦੂਆਂ ਨੇ ਕੈਨੇਡਾ ਦੇ ਬਹੁ-ਸਭਿਆਚਾਰਕ ਤਾਣੇ-ਬਾਣੇ ਨੂੰ ਅਮੀਰ ਬਣਾਇਆ: ਆਰੀਆ



**ਓਟਵਾ**: ਕੈਨੇਡੀਅਨ ਸੰਸਦ ਮੈਂਬਰ ਚੰਦਰਾ ਆਰੀਆ ਨੇ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਇਕ ਵੀਡੀਓ ਦੇ ਹਵਾਲੇ ਨਾਲ ਕਿਹਾ ਕਿ ਕੈਨੇਡਾ ਉਨ੍ਹਾਂ ਦੀ ਧਰਤੀ ਹੈ ਤੇ ਹਿੰਦੂ ਭਾਈਚਾਰੇ ਨੇ ਦੇਸ਼ ਦੇ ਬਹੁ-ਸਭਿਆਚਾਰਕ ਤਾਣੇ-ਬਾਣੇ ਨੂੰ ਅਮੀਰ ਬਣਾਇਆ ਹੈ। ਉਨ੍ਹਾਂ ਖਾਲਿਸਤਾਨੀ ਵੱਖਵਾਦੀਆਂ 'ਤੇ ਕੈਨੇਡਾ ਦਾ ਮਾਹੌਲ 'ਵਿਗਾੜਨ' ਦਾ ਦੋਸ਼ ਲਾਇਆ। ਕਾਬਿਲੇਗੌਰ ਹੈ ਕਿ ਸਿੱਖਸ ਵਾਰ ਜਸਟਿਸ (ਐੱਸਐੱਫਜੇ) ਦੇ ਮੁਖੀ ਪੰਨੂ ਨੇ ਇਕ ਵੀਡੀਓ ਵਿਚ ਮੰਗ ਕੀਤੀ ਸੀ ਕਿ ਆਰੀਆ ਤੇ ਉਸ ਦੇ ਹਿੰਦੂ ਕੈਨੇਡੀਅਨ ਦੋਸ਼ ਭਾਰਤ ਮੁੜ ਜਾਣ। ਆਰੀਆ ਨੇ ਜ਼ੋਰ ਦੇ ਕੇ ਆਖਿਆ ਕਿ ਹਿੰਦੂ ਭਾਈਚਾਰੇ ਦੇ ਲੋਕ ਕੁੱਲ ਆਲਮ ਦੇ ਵੱਖ ਵੱਖ ਹਿੱਸਿਆਂ ਤੋਂ ਕੈਨੇਡਾ ਵਿਚ ਆਏ ਹਨ ਤੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਉਨ੍ਹਾਂ ਦਾ ਅਹਿਮ ਯੋਗਦਾਨ ਹੈ।

ਨੇਪੀਅਨ ਤੋਂ ਲਿਬਰਨ ਪਾਰਟੀ ਦੇ ਐੱਮਪੀ ਨੇ ਐਕਸ 'ਤੇ ਇਕ ਪੋਸਟ ਸਾਂਝੀ ਕਰਦਿਆਂ ਲਿਖਿਆ, ''ਐਡਮੰਟਨ ਵਿਚ ਹਿੰਦੂ ਮੰਦਿਰ ਬੀਏਪੀਐੱਸ ਸਵਾਮੀਨਰਾਇਣ ਮੰਦਰ ਵਿਚ ਕੀਤੀ ਭੰਨਤੋੜ ਅਤੇ ਕੈਨੇਡਾ ਵਿਚ ਖਾਲਿਸਤਾਨੀ ਹਮਾਇਤੀਆਂ ਦੀਆਂ ਨਫ਼ਰਤੀ ਤੇ ਹੋਰ ਹਿੰਸਕ ਕਾਰਵਾਈਆਂ ਦੀ ਮੇਰੇ ਵੱਲੋਂ ਨਿਖੇਧੀ ਕੀਤੇ ਜਾਣ ਮਗਰੋਂ ਪੰਨੂ ਨੇ ਇਕ ਵੀਡੀਓ ਜਾਰੀ ਕਰਕੇ ਮੇਰੇ ਤੇ ਮੇਰੇ ਕੁਝ ਹਿੰਦੂ-ਕੈਨੇਡੀਅਨ ਦੋਸਤਾਂ ਦੇ ਭਾਰਤ ਮੁੜ ਜਾਣ ਦੀ ਮੰਗ ਕੀਤੀ ਹੈ।'' ਆਰੀਆ ਨੇ ਕਿਹਾ ਕਿ ਹਿੰਦੂ ਕੈਨੇਡੀਅਨ, ਜਿਨ੍ਹਾਂ ਦਾ ਹਿੰਦੂ ਸਭਿਆਚਾਰ ਤੇ ਵਿਰਾਸਤ ਦਾ ਲੰਮਾ ਇਤਿਹਾਸ ਰਿਹਾ ਹੈ, ਨੇ ਕੈਨੇਡਾ ਦੇ ਬਹੁ-ਸਭਿਆਚਾਰਕ ਤਾਣੇ-ਬਾਣੇ ਨੂੰ ਅਮੀਰ ਬਣਾਇਆ ਹੈ।'' ਉਨ੍ਹਾਂ ਕੈਨੇਡਾ ਦਾ ਮਾਹੌਲ 'ਵਿਗਾੜਨ' ਲਈ ਖਾਲਿਸਤਾਨੀ ਕੱਟੜਵਾਦੀਆਂ ਨੂੰ ਜ਼ਿੰਮੇਵਾਰ ਦੱਸਿਆ। ਸੰਸਦ ਮੈਂਬਰ ਨੇ ਲਿਖਿਆ, ''ਅਸੀਂ ਹਿੰਦੂ ਵਿਸ਼ਵ ਦੇ ਵੱਖ ਵੱਖ ਹਿੱਸਿਆਂ ਤੋਂ ਆਪਣੇ ਸ਼ਾਨਦਾਰ ਦੇਸ਼ ਕੈਨੇਡਾ ਵਿਚ ਆਏ ਹਾਂ। ਕੈਨੇਡਾ ਸਾਡੀ ਧਰਤੀ ਹੈ।

ਅਸੀਂ ਕੈਨੇਡਾ ਦੇ ਸਮਾਜਿਕ-ਆਰਥਿਕ ਵਿਕਾਸ ਵਿਚ ਹਾਂਦਰੂ ਤੇ ਉਸਾਰੂ ਯੋਗਦਾਨ ਪਾਉਂਦੇ ਰਹਾਂਗੇ। ਹਿੰਦੂ ਸਭਿਆਚਾਰ ਤੇ ਵਿਰਾਸਤ ਦੇ ਆਪਣੇ ਲੰਮੇ ਇਤਿਹਾਸ ਨਾਲ ਅਸੀਂ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਨੂੰ ਅਮੀਰ ਬਣਾਇਆ ਹੈ। ਕੈਨੇਡਾ ਵਿਚ ਦੇਸ਼ ਦੇ ਕਾਨੂੰਨ ਤਹਿਤ ਮਿਲੀ ਸਾਡੀ ਆਜ਼ਾਦੀ ਨੂੰ ਖਾਲਿਸਤਾਨੀ ਵੱਖਵਾਦੀਆਂ ਵੱਲੋਂ ਪਲੀਤ ਕੀਤਾ ਜਾ ਰਿਹਾ ਹੈ।'' ਆਰੀਆ ਨੇ ਹਿੰਦੂ-ਕੈਨੇਡੀਅਨ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੀਆਂ ਨਫ਼ਰਤੀ ਹਿੰਸਾ ਦੀਆਂ ਘਟਨਾਵਾਂ 'ਤੇ ਵੱਡਾ ਫ਼ਿਕਰ ਜਤਾਇਆ ਹੈ। ਆਰੀਆ ਨੇ ਕੈਨੇਡਾ ਵਿਚ ਖਾਲਿਸਤਾਨੀ ਕੱਟੜਵਾਦੀਆਂ ਨੂੰ ਮਿਲੀ ਲੋੜੋਂ ਵੱਧ ਆਜ਼ਾਦੀ 'ਤੇ ਵੀ ਉਜ਼ਰ ਜਤਾਇਆ।

# ਫੀਨਿਕਸ ਹਾਕੀ ਕਲੱਬ ਨੇ ਚੁੰਮਿਆ ਕੈਨੇਡਾ ਕੱਪ




**ਸਰੀ**: ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੋਸਾਇਟੀ ਵੱਲੋਂ ਟਮੈਨਵਿਸ ਪਾਰਕ ਸਰੀ ਵਿਚ ਚਾਰ ਦਿਨਾਂ ਕੈਨੇਡਾ ਕੱਪ ਇੰਟਰਨੈਸ਼ਨਲ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਜਿਸ ਵਿਚ ਵੱਖ ਵੱਖ ਵਰਗਾਂ ਦੇ ਸ਼ਾਨਦਾਰ ਹਾਕੀ ਮੁਕਾਬਲਿਆਂ ਨੂੰ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਮਾਣਿਆ। ਬੀਤੀ ਸ਼ਾਮ ਖੇਡੇ ਗਏ ਫਾਈਨਲ ਮੈਚ ਵਿਚ ਫੀਨਿਕਸ ਹਾਕੀ ਕਲੱਬ ਦੀ ਟੀਮ ਨੇ ਯੂਬਾ ਬ੍ਰਦਰਜ ਦੀ ਟੀਮ ਨੂੰ 4-2 ਨਾਲ ਹਰਾ ਕੇ 2024 ਦਾ ਕੈਨੇਡਾ ਕੱਪ ਜਿੱਤਿਆ। ਫਾਈਨਲ ਮੈਚ ਦੌਰਾਨ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਦੋਵੇਂ ਟੀਮਾਂ ਹਾਫ ਟਾਈਮ ਤੱਕ ਇਕ ਦੂਸਰੇ ਉਪਰ ਤਾਬੜਤੋੜ ਹਮਲੇ ਕਰਦੀਆਂ ਰਹੀਆਂ। ਹਾਫ ਟਾਈਮ ਤੋਂ ਬਾਦ ਫੀਨਿਕਸ ਟੀਮ ਦੇ ਫਾਰਵਰਡ ਖਿਡਾਰੀਆਂ ਨੇ ਜ਼ੋਰਦਾਰ ਹਮਲੇ ਕਰਦਿਆਂ 4-2 ਨਾਲ ਸ਼ਾਨਦਾਰ ਜਿੱਤ ਹਾਸਲ ਕੀਤੀ। ਫਾਈਨਲ ਮੈਚ ਦੌਰਾਨ ਹਾਕੀ ਪ੍ਰੇਮੀਆਂ ਤੇ ਦਰਸ਼ਕਾਂ ਦਾ ਭਾਰੀ ਇਕੱਠ ਜੁੜਿਆ ਜਿਹਨਾਂ ਨੇ ਖਿਡਾਰੀਆਂ ਦੀ ਹਰ ਮੂਵ ਤੇ ਤਾੜੀਆਂ ਦੀ ਗੂੰਜ ਨਾਲ ਖਿਡਾਰੀਆਂ ਦਾ ਹੌਸਲਾ ਵਧਾਇਆ।

ਜੇਤੂ ਟੀਮਾਂ ਅਤੇ ਸਰਬੋਤਮ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਲਿਬਰਲ ਐਮ.ਪੀ. ਸੁਖ ਧਾਲੀਵਾਲ, ਸਪਾਂਸਰਾਂ ਅਤੇ ਸੁਸਾਇਟੀ ਦੇ ਅਹੁਦੇਦਾਰਾਂ ਵੱਲੋਂ ਕੀਤੀ ਗਈ। ਜੇਤੂ ਹਾਕੀ ਟੀਮਾਂ ਨੂੰ ਟਰਾਫੀਆਂ ਅਤੇ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਰਬੋਤਮ ਚੁਣੇ ਗਏ ਖਿਡਾਰੀਆਂ ਨੂੰ ਵਿਸ਼ੇਸ਼ ਨਗਦ ਇਨਾਮ ਦਿੱਤੇ ਗਏ।




ਜਸਬੀਰ ਸਿੰਘ ਬਾਧ
Jasbir Singh Badh
Professional Accountants
BADH ACCOUNTING SERVICES
604-325-8370
F: 604-325-6654
Specializing in:
- Tax Forms Fillup
- Accounting d Payroll
- Business Income Tax
- Personal Income Tax d T4 & Workers
- Compensation Forms d Bookkeeping
20 Years Experience in Accounting
ਸਾਡਾ ਅਕਾਊਂਟਿੰਗ ਵਿਚ 20 ਸਾਲ ਦਾ ਤਜ਼ਰਬਾ ਹੈ।
ਟੈਕਸ ਦੇ ਪੇਪਰ ਭਰਨ
ਅਕਾਊਂਟਿੰਗ ਪੇਰੋਲ
ਬਿਜਨਸ ਇਨਕਮ ਟੈਕਸ
ਟੀ-ਫੋਰਜ਼ ਵਰਕਰ
ਕੰਪਨਸੇਸ਼ਨ ਫਾਰਮ
ਬੁੱਕ ਕੀਪਿੰਗ
# 201 - 6679 Main St., Vancouver, B.C.

The Name You Can Trust.....
Prabu
SWEETS
100% PURE VEGETARIAN
TRADITIONAL INDIAN SWEETS & TAKE OUT
604-596-1308
#106, 7035-128 St.Surrey, (Kwantlen Plaza)

HIMALAYA SWEETS & RESTAURANT
East Indian Sweets & Exotic Foods


Kewal Pabla
President
'Just The Taste Will Bring You Back'


Vancouver
6587, Main St.
Pabla Trade Center
Ph: 604.324.6514
Richmond
4011 No. 5 Rd.
Ph:604.247.2252
Cell:604.720.5900

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ
Transparent IMMIGRATION SERVICES INC
- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship

Maninder Kaur
(RCIC)
For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

# ਕੀ ਕੈਨੇਡਾ ਤੋਂ ਵਾਪਸੀ ਕਰਨਗੇ ਭਾਰਤੀ!

ਕੈਨੇਡਾ ਵਿਚ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਹੁਣ ਭਾਰਤੀਆਂ ਨੇ ਆਪਣੇ ਦੇਸ਼ ਪਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਇਕ ਕਾਰਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੈਨੇਡਾ ਜਾਣ ਵਾਲੇ ਬਹੁਤ ਸਾਰੇ ਭਾਰਤੀ ਇਸ ਸਮੇਂ ਰਿਕਾਰਡ ਬੇਰੋਜ਼ਗਾਰੀ ਦੀ ਮਾਰ ਝੱਲ ਰਹੇ ਹਨ। ਕੈਨੇਡਾ ਵਿਚ ਹਾਲ ਹੀ ਵਿਚ ਆਏ ਪ੍ਰਵਾਸੀਆਂ ਦੀ ਬੇਰੋਜ਼ਗਾਰੀ ਦਰ ਜੂਨ ਵਿਚ 12.6 ਫੀਸਦੀ ਸੀ। ਇਹ ਪਿਛਲੇ 10 ਸਾਲਾਂ ਵਿਚ ਬੇਰੋਜ਼ਗਾਰੀ ਦਾ ਸਭ ਤੋਂ ਮਾੜਾ ਪੱਧਰ ਹੈ। ਕੈਨੇਡਾ ਵਿਚ ਸਥਾਈ ਨਾਗਰਿਕਤਾ ਹਾਸਲ ਕਰਨ ਵਾਲੇ ਲੋਕਾਂ ਵਿਚ ਸਭ ਤੋਂ ਵੱਡੀ ਗਿਣਤੀ ਭਾਰਤੀ ਹਨ। ਇਸ ਲਈ ਇਸ ਬੇਰੋਜ਼ਗਾਰੀ ਦੀ ਸਭ ਤੋਂ ਵੱਧ ਮਾਰ ਭਾਰਤੀ ਲੋਕਾਂ ਨੂੰ ਪੈਣ ਦੀ ਸੰਭਾਵਨਾ ਹੈ। ਹਾਲਾਂਕਿ ਮਾਮਲੇ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਵਲੋਂ ਪਿਛਲੇ ਅੱਠ ਮਹੀਨਿਆਂ ਦੌਰਾਨ ਭਾਰਤ 'ਤੇ ਲਾਈਆਂ ਗਈਆਂ ਪਾਬੰਦੀਆਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਨਗੀਆਂ ਅਤੇ ਕੈਨੇਡਾ ਤੋਂ ਪਰਤਣਾ ਅਜੇ ਦੂਰ ਦੀ ਗੱਲ ਹੈ।

ਕੈਨੇਡਾ ਦੀ ਰਾਸ਼ਟਰੀ ਅੰਕੜਾ ਏਜੰਸੀ 'ਸਟੈਟਿਸਟਿਕ ਕੈਨੇਡਾ' ਅਨੁਸਾਰ 2023 ਤਕ 12.6 ਫੀਸਦੀ ਦੀ ਬੇਰੋਜ਼ਗਾਰੀ ਦਰ ਚਾਰ ਫੀਸਦੀ ਅੰਕ ਹੇਠਾਂ ਹੈ। ਕੈਨੇਡੀਅਨ ਮੂਲ ਦੇ ਲੋਕਾਂ ਵਿਚ ਬੇਰੋਜ਼ਗਾਰੀ 5.5 ਫੀਸਦੀ ਹੈ। 2023 ਵਿਚ ਇਹ 5 ਫੀਸਦੀ ਸੀ। ਗਲੋਬ ਐਂਡ ਮੇਲ ਦੀ ਰਿਪੋਰਟ ਮੁਤਾਬਕ ਨਵੇਂ ਅੰਕੜੇ ਦਰਸਾਉਂਦੇ ਹਨ ਕਿ ਪ੍ਰਵਾਸੀਆਂ ਵਿਚ ਬੇਰੋਜ਼ਗਾਰੀ ਦੀ ਦਰ 2014 ਤੋਂ ਬਾਅਦ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿਚ ਵਧਦੀ ਬੇਰੋਜ਼ਗਾਰੀ ਨਾਲ ਭਾਰਤੀਆਂ ਦੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਕਿਉਂਕਿ ਹਾਲ ਹੀ ਦੇ ਸਾਲਾਂ ਵਿਚ ਭਾਰਤੀਆਂ ਨੇ ਸਭ ਤੋਂ ਵੱਧ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕੀਤੀ ਹੈ। 2023 ਵਿਚ ਕੈਨੇਡਾ ਨੇ 4,71,810 ਲੋਕਾਂ ਨੂੰ ਸਥਾਈ ਨਾਗਰਿਕਤਾ ਦਿੱਤੀ। ਇਨ੍ਹਾਂ ਵਿਚੋਂ 1,39,785 ਜਾਂ ਲਗਭਗ 30 ਫੀਸਦੀ ਭਾਰਤੀ ਸਨ। 'ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ' ਕੈਨੇਡਾ ਦੇ ਅੰਕੜਿਆਂ ਮੁਤਾਬਕ 2019 ਤੋਂ ਬਾਅਦ ਕੈਨੇਡਾ ਆਏ 18,41,250 ਨਵੇਂ ਸਥਾਈ ਨਿਵਾਸੀਆਂ ਵਿਚੋਂ 5,14,435 ਭਾਰਤੀ ਸਨ।



ਜੂਨ 2024 ਵਿਚ 1.4 ਮਿਲੀਅਨ ਬੇਰੋਜ਼ਗਾਰ ਲੋਕ ਸਨ, ਜੋ ਕਿ ਪਿਛਲੇ ਮਹੀਨੇ ਨਾਲੋਂ 42,000 (+3.1ਫੀਸਦੀ) ਵੱਧ ਹੈ। ਕੈਨੇਡਾ ਦੀਆਂ ਕੰਪਨੀਆਂ ਉੱਚ ਵਿਆਜ਼ ਦਰਾਂ ਨਾਲ ਜੂਝ ਰਹੀਆਂ ਹਨ। ਇਸ ਕਾਰਨ ਉਹ ਪਿਛਲੇ ਦੋ ਸਾਲਾਂ ਤੋਂ ਨਿਯੁਕਤੀਆਂ ਕਰਨ ਤੋਂ ਝਿਜਕ ਰਹੀਆਂ ਹਨ। ਪ੍ਰਵਾਸੀਆਂ ਦੀ ਭਾਰੀ ਆਮਦ ਕਾਰਨ ਕੈਨੇਡਾ ਦੀ ਆਬਾਦੀ ਵੀ ਵਧੀ ਹੈ।

**ਦੇਸ਼ ਵਿਚ ਮੌਕੇ ਹੋਣਗੇ ਤਾਂ ਹੀ ਪਰਤਣਗੇ ਭਾਰਤੀ:**

ਇਕ ਰਿਪੋਰਟ ਅਨੁਸਾਰ ਹਾਲ ਹੀ ਵਿਚ ਬਰੈਂਪਟਨ ਵਿਚ ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਦੇ ਇਕ ਸੈਮੀਨਾਰ ਵਿਚ ਪੰਜਾਬੀ ਯੂਨੀਵਰਸਿਟੀ ਦੇ ਸੇਵਾਮੁਕਤ ਪ੍ਰੋਫੈਸਰ ਕੁਲਦੀਪ ਸਿੰਘ ਨੇ ਕਿਹਾ ਕਿ ਕੈਨੇਡਾ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਕਮੀ ਆਈ ਹੈ ਪਰ ਭਾਰਤ ਪਰਤਣਾ ਤਾਂ ਹੀ ਸੰਭਵ ਹੈ ਜਦੋਂ ਭਾਰਤ ਦੀ ਸਮਾਜਿਕ-ਆਰਥਿਕ ਹਾਲਤ ਕੈਨੇਡਾ ਨਾਲੋਂ ਬਿਹਤਰ ਹੋਵੇਗੀ। ਫਿਲਹਾਲ ਇਸ ਤਰ੍ਹਾਂ ਦੀ ਹਾਲਤ ਦੀ ਕੋਈ ਸੰਭਾਵਨਾ ਨਹੀਂ ਜਾਪਦੀ।ਕੁਲਦੀਪ ਸਿੰਘ ਨੇ ਕਿਹਾ ਕਿ ਕੋਈ ਵਿਅਕਤੀ ਪਰਤਣ ਦੀ ਕਲਪਨਾ ਉਦੋਂ ਹੀ ਕਰ ਸਕਦਾ ਹੈ, ਜਦੋਂ ਉਸਨੂੰ ਆਪਣੇ ਦੇਸ਼ ਵਿਚ ਜ਼ਿਆਦਾ ਮੌਕੇ ਦਿਸਣ। ਇਹ ਅਜੇ ਵੀ ਇਕ ਕਲਪਨਾ ਹੈ ਤੇ ਹਕੀਕਤ ਤੋਂ ਬਹੁਤ ਦੂਰ ਹੈ। ਵਰਲਡ ਡਿਵੈਲਪਮੈਂਟ ਰਿਪੋਰਟ ਦਾ ਹਵਾਲਾ ਦਿੰਦਿਆਂ ਪ੍ਰੋ. ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਰੂਪ ਵਿਚ ਦੁਨੀਆ ਭਰ ਵਿਚ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸਾਲ 2000 ਵਿਚ 2 ਫੀਸਦੀ ਤੋਂ ਵਧ ਕੇ 2023 ਵਿਚ 41 ਫੀਸਦੀ ਹੋ ਗਈ ਹੈ।

ਭਾਰਤੀ ਵਿਦਿਆਰਥੀਆਂ ਦੇ ਕੈਨੇਡਾ ਵੱਲ ਪ੍ਰਵਾਸ ਵਿਚ 50 ਫੀਸਦੀ ਦਾ ਵਾਧਾ ਹੋਇਆ ਹੈ। ਇਕੱਲੇ 2019 ਵਿਚ 198,235 ਵਿਦਿਆਰਥੀ ਭਾਰਤ ਤੋਂ ਕੈਨੇਡਾ ਆਏ ਸਨ ਅਤੇ ਇਨ੍ਹਾਂ ਵਿਚੋਂ 71 ਫੀਸਦੀ ਪੰਜਾਬ ਦੇ ਸਨ।

**ਪੰਜਾਬ ਤੋਂ ਪ੍ਰਵਾਸ ਦਾ ਕਾਰਨ ਖੇਤੀ ਸੰਕਟ:**

ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਭਾਰਤ ਦੇ ਖੁਸ਼ਹਾਲ ਸੂਬਿਆਂ ਵਿਚੋਂ ਇਕ ਹੋਣ ਦੇ ਬਾਵਜੂਦ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਸਮਰੱਥ ਨਹੀਂ ਹੈ। ਪੰਜਾਬ ਤੋਂ ਪ੍ਰਵਾਸ ਦੇ ਮੁੱਖ ਕਾਰਨ ਖੇਤੀ ਸੰਕਟ, ਸਨਅਤੀਕਰਨ ਦੀ ਮੱਠੀ ਰਫ਼ਤਾਰ, ਭਾਰਤੀ ਸਿੱਖਿਆ ਪ੍ਰਣਾਲੀ ਦਾ ਲੁਪਤ ਹੋਣਾ ਤੇ ਰੋਜ਼ਗਾਰ ਦੇ ਮੌਕਿਆਂ ਦੀ ਘਾਟ ਹੈ, ਜਿਸ ਕਾਰਨ ਪੰਜਾਬੀ ਨੌਜਵਾਨ ਆਪਣੀ ਪੜ੍ਹਾਈ, ਰੋਜ਼ਗਾਰ ਅਤੇ ਰਹਿਣ-ਸਹਿਣ ਦੀਆਂ ਸਹੂਲਤਾਂ ਲਈ ਵਿਦੇਸ਼ਾਂ ਵਿਚ ਪਲਾਇਨ ਕਰਨ ਲਈ ਮਜਬੂਰ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਬਾਦੀ 2014 ਵਿਚ 3.26 ਲੱਖ ਤੋਂ ਵਧ ਕੇ 2022 ਵਿਚ 8 ਲੱਖ ਤੋਂ ਵੱਧ ਹੋ ਗਈ। ਦੇਸ਼ ਵਿਚ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ ਦਸੰਬਰ 2023 ਦੇ ਅੰਤ ਤਕ 10 ਲੱਖ ਪਾਰ ਕਰਨ ਦੀ ਉਮੀਦ ਸੀ, ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਓਂਟਾਰੀਓ ਵਿਚ ਹਨ।

A1 SPORTS.CA
6638 152A St Unit 109, Surrey BC V3X 7J1
13375 72 Ave, Surrey, BC V3W 2N5
604-597-8356
WE CAN PRINT OR EMBROIDER YOUR COMPANY LOGO OR NAME ON ANY HATS, SHIRTS, JACKETS AND PANTS
ਸਕਿਊਰਿਟੀ ਗਾਰਡਾਂ ਵਾਸਤੇ ਜੈਕਟਾਂ, ਸ਼ਰਟਾਂ, ਗਰਮ ਟੋਪੀਆਂ
- TEAM UNIFORMS
- CORPORATE LOGOS
- CUSTOM EMBROIDERY
- SCREEN PRINTING
- ALL PROMOTIONAL ITEMS
SECURITY JACKETS, SHIRTS AND ACCESSORIES
20 ਤੋਂ ਵੱਧ ਡਿਜ਼ਾਇਨਾ ਵਿੱਚ ਟਰੈਕ ਸੂਟ, ਜੈਕਟਾਂ,ਪਜਾਮੇ, ਕੋਟੀਆਂ

A CREATIVE DESIGN & PRINT SOURCE
NEW LOCATION-NEW LOCATION-NEW LOCATION
DESIGN 360 GRAPHICS & PROMOTIONS INC. .... create a new
Graphic Designing
Offset / Digital Printing
Product Photography
Signages Displays
ਹਰ ਤਰਾਂ ਦੀ ਪ੍ਰਿੰਟਿੰਗ ਅਤੇ ਵਿਆਹ-ਸ਼ਾਦੀਆਂ ਦੇ ਕਾਰਡ
CONTACT: AMANDEEP SINGH
604 590 0066 / 604 317 8750
#1 13415 76AVE. SURREY

LeafFilter GUTTER PROTECTION
BACKED BY A YEAR-ROUND CLOG-FREE GUARANTEE
EXCLUSIVE LIMITED TIME OFFER!
15% OFF YOUR ENTIRE PURCHASE* & 10% OFF SENIORS & MILITARY!
+5% OFF TO THE FIRST 50 CALLERS ONLY!**
WE INSTALL YEAR-ROUND!
FINANCING THAT FITS YOUR BUDGET![1]
Promo Code: 285
[1]Subject to credit approval. Call for details.
CALL US TODAY FOR A FREE ESTIMATE
1-855-862-3324
Mon-Thurs: 8am-11pm, Fri-Sat: 8am-5pm, Sun: 2pm-8pm EST
*For those who qualify. One coupon per household. No obligation estimate valid for 1 year.
**Offer valid at time of estimate only.

SW MEDIA GROUP

ਪੰਜਾਬੀ ਜਰਨਲ

DELTA OFFICE:
#3 7953 120 St. Delta
BC., V4C 6P6
Ph : 604-507-8009
Fax: 1-855-796-3342
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀ ਹੈ।**

RETURN UNDELIVERABLE TO
CIRCULATION WING
SW MEDIA GROUP
#13 - 11888 MELLIS DR.
RICHMOND BC
V6X 1M1
PUBLICATION MAIL
Contract/Agreement
# is 41798524

0826193 BC Ltd. dba
SW Media Group
(Punjabi Journal)
is not responsible or legally liable for any matter or typing mistake.

**Managing Director**
KANWALJEET SINGH RANDHAWA

**For Advertising**
Lucky, Jaspreet, Abhi, Sabby

**Graphic Designer**
Ashu Kashyap

# ਕੈਨੇਡਾ-ਭਾਰਤ ਸੰਬੰਧਾਂ ਵਿਚ ਹੁਣ ਹੋਵੇਗਾ ਸੁਧਾਰ?

### ਔਖੀਆਂ ਤੇ ਲੰਮੇ ਸਮੇਂ ਤੇ ਚਲੀਆਂ ਆ ਰਹੀਆਂ ਹਾਲਤਾਂ ਨੂੰ ਦੇਖਦੇ ਹੋਏ, ਓਟਾਵਾ ਅਤੇ ਦਿੱਲੀ ਸਬੰਧਾਂ ਨੂੰ ਫਿਰ ਤੋਂ ਆਮ ਵਰਗੇ ਕਿਵੇਂ ਕਰ ਸਕਦੇ ਹਨ ? ਉਹ ਇਕ ਮਹੱਤਵਪੂਰਨ ਰਣਨੀਤਕ ਸਬੰਧ ਨੂੰ ਕਾਮਯਾਬ ਬਣਾਉਂਦੇ ਹੋਏ ਆਪਣੇ-ਆਪਣੇ ਰਾਸ਼ਟਰੀ ਹਿੱਤਾਂ ਅਤੇ ਮਾਣ ਦੀ ਭਾਵਨਾ ਦੀ ਰੱਖਿਆ ਕਿਵੇਂ ਕਰਦੇ ਹਨ ?



ਭਵਿੱਖਬਾਣੀਆਂ ਦੇ ਉਲਟ, ਜ਼ਿਆਦਾ ਨੂੰ ਭਾਰਤ ਦੀਆਂ ਚੋਣਾਂ ਤੋਂ ਮੋਦੀ ਬੜੇ ਹੀ ਨਿਰਾਸ਼ ਹੋ ਕੇ ਉਭਰਦੇ ਹਨ ਕਿਉਂਕਿ ਉਹ ਆਪਣੀ ਪਾਰਟੀ ਭਾਜਪਾ ਲਈ ਮੁਕੰਮਲ ਬਹੁਮਤ ਹਾਸਲ ਕਰਨ 'ਚ ਅਸਫਲ ਰਹੇ ਹਨ। ਪਿਛਲੇ ਸਾਲ ਕੈਨੇਡਾਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦੋਸ਼ਾਂ 'ਚ ਮੋਦੀ ਦੀ ਸਖਤ ਪ੍ਰਤੀਕਿਰਿਆ ਸ਼ਾਇਦ ਚੋਣਾਂ ਤੋਂ ਪਹਿਲਾਂ ਭਾਰਤੀਆਂ ਨੂੰ ਧਿਆਨ 'ਚ ਰੱਖ ਕੇ ਕੀਤੀ ਗਈ ਸੀ।

ਹੁਣ ਜਦੋਂ ਵੋਟਾਂ ਪੈ ਚੁੱਕੀਆਂ ਹਨ ਤਾਂ ਇਸ ਤਰ੍ਹਾਂ ਦੀ ਰਾਸ਼ਟਰਵਾਦੀ ਬਿਆਨਬਾਜ਼ੀ ਨਰਮ ਪੈ ਸਕਦੀ ਹੈ। ਜਦਕਿ ਵਿਸ਼ਵ ਮੰਚ 'ਤੇ ਭਾਰਤ ਦਾ ਜ਼ਿਆਦਾ ਬੜਬੋਲੇਪਨ ਦਾ ਰੁਖ ਬਿਨਾਂ ਸ਼ੱਕ ਜਾਰੀ ਰਹੇਗਾ। ਮੋਦੀ ਕੈਨੇਡਾ ਦੇ ਨਾਲ ਹਾਲ ਹੀ 'ਚ ਹੋਏ ਝਗੜੇ 'ਤੇ ਪੰਨਾ ਬਦਲਣ ਲਈ ਤਿਆਰ ਹੋ ਸਕਦੇ ਹਨ। ਟਰੂਡੋ ਦੇ ਨਾਲ ਜੀ-7 ਦੀ ਗੱਲਬਾਤ ਦਾ ਤੱਥ ਉਤਸ਼ਾਹਜਨਕ ਹੈ।

ਪਰ ਚਲੋ ਬੜਾ ਜ਼ਿਆਦਾ ਅੰਦਾਜ਼ਾ ਨਹੀਂ ਲਾਉਂਦੇ ਹਾਂ। 1985 'ਚ ਏਅਰ ਇੰਡੀਆ ਬੰਬ ਧਮਾਕੇ ਦੇ ਬਾਅਦ ਤੋਂ ਕੈਨੇਡਾ -ਭਾਰਤ ਸਬੰਧ ਤਣਾਅਪੂਰਨ ਰਹੇ ਹਨ ਅਤੇ ਟਰੂਡੋ ਅਤੇ ਮੋਦੀ ਦੇ ਕਾਰਜਕਾਲ 'ਚ ਹੋਰ ਵੀ ਖਰਾਬ ਹੋਏ ਹਨ।

ਹਾਲ ਹੀ ਦੇ ਸਾਲਾਂ 'ਚ ਹੋਈਆਂ ਕਈ ਘਟਨਾਵਾਂ-2018 'ਚ ਟਰੂਡੋ ਦੀ ਭਾਰਤ ਦੀ ਮੰਦਭਾਗੀ ਯਾਤਰਾ, 2020 'ਚ ਭਾਰਤੀ ਖੇਤੀ ਕਾਨੂੰਨਾਂ ਦੇ ਵਿਰੋਧ 'ਤੇ ਉਨ੍ਹਾਂ ਦੀਆਂ ਵਿਵਾਦਤ ਟਿੱਪਣੀਆਂ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੀ ਜਨਤਕ ਜਾਂਚ ਰਾਹੀਂ ਨਵੀਂ ਦਿੱਲੀ 'ਤੇ ਉਂਗਲੀ ਚੁੱਕਣ ਸਬੰਧੀ ਮੁੱਖ ਮੁੱਦੇ ਨੂੰ ਨਹੀਂ ਲੁਕਾਉਣਾ ਚਾਹੀਦਾ।

ਕੈਨੇਡਾ ਵੱਲੋਂ ਆਪਣੇ ਦੇਸ਼ 'ਚ ਸਿੱਖ ਅੱਤਵਾਦ ਨੂੰ ਸੰਬੋਧਿਤ ਕਰਨ 'ਚ ਕਥਿਤ ਅਣਇੱਛਾ ਨਾਲ ਭਾਰਤ ਨੂੰ ਦੁੱਖ ਹੋਇਆ ਹੈ। ਅੱਤਵਾਦ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਵੱਖਰੀਆਂ ਧਾਰਨਾਵਾਂ ਦੋ-ਪੱਖੀ ਗੱਲਬਾਤ 'ਚ ਹਾਵੀ ਰਹੀਆਂ ਹਨ ਅਤੇ ਖਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ 'ਚ ਭਾਰਤ ਦੇ ਹੌਸਲੇ ਨੂੰ ਅਖੀਰ ਖਤਮ ਕਰ ਦਿੱਤਾ। ਜੇਕਰ ਅਜਿਹਾ ਹੈ ਤਾਂ ਕੈਨੇਡਾ ਮੂਕੰਦਰ ਸ਼ਕ ਬਣ ਕੇ ਨਹੀਂ ਰਹਿ ਸਕਦਾ ਜਦਕਿ ਇਕ ਵਿਦੇਸ਼ੀ ਸ਼ਕਤੀ ਉਸ ਦੇ ਇਲਾਕੇ 'ਚ ਇਕ ਕੈਨੇਡੀਆਈ ਨਾਗਰਿਕ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੀ ਹੈ।

ਇਨ੍ਹਾਂ ਔਖੀਆਂ ਤੇ ਲੰਮੇ ਸਮੇਂ ਤੇ ਚਲੀਆਂ ਆ ਰਹੀਆਂ ਹਾਲਤਾਂ ਨੂੰ ਦੇਖਦੇ ਹੋਏ, ਓਟਾਵਾ ਅਤੇ ਦਿੱਲੀ ਸਬੰਧਾਂ ਨੂੰ ਫਿਰ ਤੋਂ ਆਮ ਵਰਗੇ ਕਿਵੇਂ ਕਰ ਸਕਦੇ ਹਨ ? ਉਹ ਇਕ ਮਹੱਤਵਪੂਰਨ ਰਣਨੀਤਕ ਸਬੰਧ ਨੂੰ ਕਾਮਯਾਬ ਬਣਾਉਂਦੇ ਹੋਏ ਆਪਣੇ-ਆਪਣੇ ਰਾਸ਼ਟਰੀ ਹਿੱਤਾਂ ਅਤੇ ਮਾਣ ਦੀ ਭਾਵਨਾ ਦੀ ਰੱਖਿਆ ਕਿਵੇਂ ਕਰਦੇ ਹਨ ?

ਸਭ ਤੋਂ ਪਹਿਲਾਂ, ਉਨ੍ਹਾਂ ਨੂੰ ਬਿਆਨਬਾਜ਼ੀ ਦੇ ਤਾਪਮਾਨ ' ਘਟਾਉਣਾ ਜਾਰੀ ਰੱਖਣਾ ਚਾਹੀਦਾ ਹੈ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਸ਼ਾਂਤ ਕੂਟਨੀਤੀ ਦਾ ਅਭਿਆਸ ਕਰਨਾ ਚਾਹੀਦਾ ਹੈ। ਅੱਗੇ ਜਨਤਕ ਨਾਮ-ਪੁਕਾਰ ਘਰੇਲੂ ਸਿਆਸੀ ਬਿੰਦੂਆਂ ਨੂੰ ਹਾਸਲ ਕਰਨ ਤੋਂ ਇਲਾਵਾ ਕੋਈ ਮਕਸਦ ਨਹੀਂ ਰੱਖਦੀ ਹੈ। ਛੋਟੇ ਵਿਹਾਰਕ ਕਦਮ ਵੀ ਮਦਦ ਕਰਨਗੇ।

ਭਾਰਤ ਨੇ ਪਹਿਲਾਂ ਹੀ ਕੈਨੇਡਾ ਦੇ ਵੀਜ਼ੇ 'ਤੇ ਆਪਣੀ ਪਾਬੰਦੀ ਹਟਾ ਲਈ ਹੈ। ਪਹਿਲਾਂ ਕੱਢੇ ਗਏ ਕੈਨੇਡਾ ਦੇ ਰਾਜਦੂਤਾਂ ਨੂੰ ਭਾਰਤ ਪਰਤਣ ਦੀ ਇਜਾਜ਼ਤ ਦੇਣਾ ਵਿਸ਼ਵਾਸ ਬਣਾਉਣ ਦਾ ਇਕ ਹੋਰ ਤਰੀਕਾ ਹੋਵੇਗਾ। ਸਾਈਬਰ ਸੁਰੱਖਿਆ ਅਤੇ ਡਿਜੀਟਲ ਅਰਥਵਿਵਸਥਾ ਦੇ ਖੇਤਰਾਂ ਸਮੇਤ ਗੈਰ-ਸਰਕਾਰੀ ਸੰਸਥਾਵਾਂ ਨੂੰ ਸ਼ਾਮਲ ਕਰਦੇ ਹੋਏ ਵਧੀ ਹੋਈ ਕੂਟਨੀਤੀ ਵੀ ਅੱਗੇ ਵਧਾਉਣ ਲਾਇਕ ਹੈ।

ਦੂਜਾ, ਦੋਵਾਂ ਦੇਸ਼ਾਂ ਨੂੰ ਵਪਾਰਕ ਗੱਲਬਾਤ ਨੂੰ ਮੁੜ ਤੋਂ ਸ਼ੁਰੂ ਕਰਨਾ ਚਾਹੀਦਾ ਹੈ, ਬੇਸ਼ੱਕ ਹੀ ਸ਼ੁਰੂਆਤ 'ਚ ਮੱਠੀ ਰਫਤਾਰ ਨਾ ਹੋਵੇ। ਨਿੱਝਰ ਦੀ ਹੱਤਿਆ ਦੇ ਕਾਰਨ ਸਾਲਾਂ ਤੋਂ ਚੱਲ ਰਹੀ ਗੱਲਬਾਤ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ ਪਰ ਦੋਵੇਂ ਦੇਸ਼ ਸਵੱਛ ਊਰਜਾ, ਖੇਤੀਬਾੜੀ, ਮਾਈਨਿੰਗ, ਤੇਲ ਅਤੇ ਗੈਸ ਜਾਂ ਟ੍ਰਾਂਸਪੋਰਟ ਖੇਤਰਾਂ 'ਚ ਦਾਅ 'ਤੇ ਲੱਗੇ ਅਪਾਰ ਆਰਥਿਕ ਲਾਭਾਂ ਨੂੰ ਸਮਝਦੇ ਹਨ। ਸ ਇਨ੍ਹਾਂ ਚਰਚਾਵਾਂ ਨੂੰ ਮੁੜ ਤੋਂ ਲੀਹ 'ਤੇ ਲਿਆਉਣਾ ਨਵੇਂ ਸਿਰਿਓਂ ਸਹਿਯੋਗ ਅਤੇ ਵਿਸ਼ਵਾਸ ਦਾ ਪ੍ਰਤੀਕ ਹੋਵੇਗਾ।

ਅਖੀਰ 'ਚ ਦੋਵਾਂ ਦੇਸ਼ਾਂ ਨੂੰ ਸੰਯੁਕਤ ਰਾਜ ਅਮਰੀਕਾ ਦੇ ਨਾਲ ਆਪਣੇ ਸਬੰਧਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਵਾਸ਼ਿੰਗਟਨ ਨੂੰ ਨਵੀਂ ਦਿੱਲੀ ਦੇ ਨਾਲ ਆਪਣੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਭਾਰਤ ਸਰਕਾਰ ਨੇ ਇਕ ਕੈਨੇਡਾਈ ਅਤੇ ਅਮਰੀਕੀ ਸਿੱਖ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ।

ਭਾਰਤ ਨੇ ਇਕ ਬਿਨਾਂ ਸੀਲ ਕੀਤੇ ਗਏ ਅਮਰੀਕੀ ਮੁਕੱਦਮੇ 'ਚ ਸਾਹਮਣੇ ਆਏ ਸਬੂਤਾਂ ਦਾ ਸਾਹਮਣਾ ਕੀਤਾ, ਜਾਂਚ ਦੇ ਅਖੀਰ 'ਚ ਦਾਅਵਾ ਕੀਤਾ ਗਿਆ ਕਿ ਇਨ੍ਹਾਂ ਦੀ ਖੁਫੀਆ ਏਜੰਸੀ ਦੇ ਅੰਦਰ ਭੈੜੇ ਤੱਤਾਂ ਨੇ ਇਸ 'ਚ ਭੂਮਿਕਾ ਨਿਭਾਈ ਸੀ। ਜਦਕਿ ਭਾਰਤ ਨੂੰ ਕੈਨੇਡਾ ਤੋਂ ਵੱਧ ਅਮਰੀਕਾ ਦੀ ਲੋੜ ਹੈ ਪਰ ਕੈਨੇਡਾ ਦੇ ਮਾਮਲੇ 'ਚ ਵੀ ਉਸ ਦੇ ਕੋਲ ਅਜਿਹਾ ਹੀ ਦਾਅਵਾ ਕਰਨ ਦੇ ਇਲਾਵਾ ਕੋਈ ਬਦਲ ਨਹੀਂ ਹੋ ਸਕਦਾ ਕਿਉਂਕਿ ਨਿੱਝਰ ਦੀ ਹੱਤਿਆ 'ਚ 4 ਮੁਲਜ਼ਮਾਂ ਦੀ ਗ੍ਰਿਫਤਾਰੀ ਨਾਲ ਸਬੰਧਤ ਸਬੂਤ ਸਾਹਮਣੇ ਆਉਣ ਲੱਗੇ ਹਨ। ਅਮਰੀਕਾ ਦੋਵਾਂ ਦੇਸ਼ਾਂ ਨੂੰ ਇਕ ਅਸਹਿਜ ਸਮਝੌਤਾ ਕਰਨ ਅਤੇ ਰਿਸ਼ਤੇ ਨੂੰ ਹੋਰ ਅੱਗੇ ਵਧਣ ਦੇਣ 'ਚ ਮਦਦ ਕਰਨ 'ਚ ਭੂਮਿਕਾ ਨਿਭਾਅ ਸਕਦਾ ਹੈ।

ਦੋਵਾਂ ਪ੍ਰਧਾਨ ਮੰਤਰੀਆਂ ਦਰਮਿਆਨ ਨਿੱਜੀ ਮਤਭੇਦ ਥੋੜ੍ਹੇ ਸਮੇਂ 'ਚ ਕੈਨੇਡਾ-ਭਾਰਤ ਸਬੰਧਾਂ 'ਚ ਕਿਸੇ ਵੀ ਮਹੱਤਵਪੂਰਨ ਸੁਧਾਰ ਨੂੰ ਰੋਕ ਸਕਦੇ ਹਨ ਪਰ ਬੇਸ਼ੱਕ ਹੀ ਦੋਵਾਂ ਦੇਸ਼ਾਂ ਦੇ ਦਰਮਿਆਨ ਭਰੋਸੇ ਦਾ ਵਿਆਪਕ ਮੁੜ-ਨਿਰਮਾਣ ਨਵੀਂ ਲੀਡਰਸ਼ਿਪ ਦੀ ਉਡੀਕ ਕਰ ਰਿਹਾ ਹੋਵੇ। ਉਹ ਸਬੰਧਾਂ ਨੂੰ ਹੋਰ ਵੱਧ ਰਚਨਾਤਮਕ ਰਾਹ ਤੇ ਲਿਆਉਣ ਲਈ ਹੁਣ ਮਾਮੂਲੀ ਕਦਮ ਚੁੱਕ ਸਕਦੇ ਹਨ। ਮੁਅੱਤਲੀ ਅਵਸਥਾ ਦੀ ਮੌਜੂਦਾ ਸਥਿਤੀ ਕਿਸੇ ਵੀ ਦੇਸ਼ ਲਈ ਕੰਮ ਨਹੀਂ ਕਰਦੀ ਹੈ।

**ਵਿਸੇਂਟ ਰਿਗਬੀ**
**ਅਤੇ ਆਫਤਾਬ ਅਹਿਮਦ**

RED SWAN
Immigration Consultancy
CAPIC ACCPI
RCIC CRIC
Licence Number : R710351
Sumit Kaur
ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸੰਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ।
Address : 8338-120 Street, Surrey, BC +1(250)910-2355

# ਸਾਉਣ ਮਹੀਨਾ ਦਿਨ ਤੀਆਂ ਦੇ...



ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਅਜੋਕੇ ਮਨੁੱਖ ਦੇ ਖਾਣ-ਪੀਣ,ਪਹਿਰਾਵਾ ਤੇ ਜੀਵਨ-ਜਾਚ ਵਿਚ ਤਬਦੀਲੀ ਆ ਗਈ ਹੈ। ਹੁਣ ਪਹਿਲਾਂ ਵਾਂਗ ਨਾ ਤੀਆਂ ਲੱਗਦੀਆਂ ਹਨ ਤੇ ਨਾ ਹੀ ਮਨਾਂ ਵਿਚ ਨੱਚਣ ਦਾ ਚਾਅ ਰਿਹਾ ਹੈ ਪਰ ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਧਰਤੀ ਦੀ ਖੁਸ਼ਹਾਲੀ, ਫ਼ਸਲਾਂ ਤੇ ਹਰਿਆਲੀ ਲਈ ਬਰਸਾਤ ਦੀ ਅੱਜ ਵੀ, ਪਹਿਲਾਂ ਵਾਂਗ ਹੀ ਉਡੀਕ ਹੁੰਦੀ ਹੈ ਕੁਦਰਤ ਦੇ ਵਰਤਾਰੇ ਵਿਚ ਇਹ ਅਲੋਕਾਰ ਗੱਲ ਹੈ ਕਿ ਰੁੱਤਾਂ ਤੇ ਮੌਸਮ ਬਦਲਦੇ ਰਹਿੰਦੇ ਹਨ ਪਰ ਸ਼ਕਤੀ ਦਾ ਸੋਮਾ ਸੂਰਜ ਇਕ ਹੀ ਰਹਿੰਦਾ ਹੈ। ਮਨੁੱਖ ਇਨ੍ਹਾਂ ਰਾਂਗਲੀਆਂ ਰੁੱਤਾਂ ਦੇ ਰੰਗ ਮਾਣਦਾ,ਕੁਦਰਤ ਦੇ ਆਚੰਭਿਤ ਵਰਤਾਰੇ ਅੱਗੇ ਸਿਰ ਝੁਕਾਉਂਦਾ ਹੈ। ਸਾਵਣ ਦੇ ਮਹੀਨੇ ਨੂੰ ਮੁੱਖ ਤੌਰ 'ਤੇ ਬਰਸਾਤ ਦਾ ਮਹੀਨਾ ਮੰਨਿਆ ਜਾਂਦਾ ਹੈ।ਜੇਠ-ਹਾੜ ਦੀਆਂ ਤਪਦੀਆਂ ਧੁੱਪਾਂ, ਵਗਦੀਆਂ ਲੋਆਂ,ਔੜ ਕਾਰਨ ਝੁਲਸੀਆਂ ਫ਼ਸਲਾਂ ਤੇ ਹੁੰਮਸ ਭਰੀ ਗਰਮੀ ਤੋਂ ਅੱਕੇ ਹੋਏ ਲੋਕ, ਕੁਦਰਤ ਅੱਗੇ ਜੋਦੜੀਆਂ ਕਰਦੇ ਕਿ ਹੁਣ ਮੀਂਹ ਪਾ ਕੇ,ਸੜਦੀ ਧਰਤੀ ਤੇ ਧਰਤੀ ਦੇ ਜੀਵਾਂ ਨੂੰ ਨਿਹਾਲ-ਨਿਹਾਲ ਕਰ ਦਿਉ।ਮਨੁੱਖ,ਪਸ਼ੂ ਪੰਛੀ ਸਾਰੇ ਗਰਮੀ ਤੋਂ ਬਚਣ ਲਈ,ਭਰਵੇਂ ਰੁੱਖਾਂ ਦੀਆਂ ਛਾਵਾਂ ਹੇਠ ਹੀ ਤਿੱਖੜ ਦੁਪਹਿਰੇ ਕੱਟਦੇ।ਮੀਂਹ ਵਰ੍ਹਦੇ ਤਾਂ ਫ਼ਸਲਾਂ ਦੇ ਨੇਪਰੇ ਚੜ੍ਹਨ ਦੀ ਆਸ ਬੱਝ ਜਾਂਦੀ।ਇਸੇ ਕਾਰਨ ਹੀ ਜਦੋਂ ਸਾਉਣ ਦਾ ਮਹੀਨਾ ਚੜ੍ਹਦਾ ਤਾਂ ਲੋਕਾਂ ਨੂੰ ਆਸ ਬੱਝਦੀ ਕਿ ਹੁਣ ਬਰਸਾਤ ਆਪਣਾ ਰੰਗ ਦਿਖਾਏਗੀ ਤੇ ਤਪਦੇ ਤਨ-ਮਨ ਨੂੰ ਠੰਢਾ-ਠਾਰ ਕਰੇਗੀ। ਗੁਰੂ ਗ੍ਰੰਥ ਸਾਹਿਬ ਵਿਚ ਵੀ ਬਾਰਹ ਮਾਹ ਬਾਣੀ ਵਿਚ ਗੁਰੂ ਸਾਹਿਬਾਨ ਨੇ ਦੇਸੀ ਮਹੀਨਿਆਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ।ਗੁਰੂ ਨਾਨਕ ਦੇਵ ਜੀ ਨੇ ਰਾਗ ਤੁਖਾਰੀ ਵਿਚ ਅਤੇ ਗੁਰੂ ਅਰਜਨ ਦੇਵ ਜੀ ਨੇ ਰਾਗ ਮਾਝ ਵਿਚ ਬਾਰਹ ਮਾਹ ਦਾ ਉਚਾਰਣ ਕੀਤਾ ਹੈ। ਸੰਗਰਾਂਦ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹ ਮਾਹ ਦਾ ਪਾਠ ਹੀ ਕੀਤਾ ਜਾਂਦਾ ਹੈ ।ਸਾਵਣ ਮਹੀਨੇ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ;

**"ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।"**

ਗੁਰੂ ਸਾਹਿਬ ਸਾਵਣ ਮਹੀਨੇ ਵਿਚ ਵਰਖਾ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਵਰਖਾ ਨਾਲ ਹਰ ਪਾਸੇ ਹਰਿਆਲੀ ਛਾ ਜਾਂਦੀ ਹੈ ਤੇ ਤਪਦੇ ਮਨਾਂ ਨੂੰ ਠੰਢਕ ਦਾ ਅਨੁਭਵ ਹੁੰਦਾ ਹੈ,ਬਿਲਕੁਲ ਇਸੇ ਤਰ੍ਹਾਂ ਹੀ ਪ੍ਰਭੂ ਦੇ ਨਾਮ ਦੀ ਆਤਮਿਕ ਬੂੰਦ ਦਾ ਅਨੁਭਵ ਕਰਕੇ ਜੀਵ ਦਾ ਮਨ ਤ੍ਰਿਪਤ ਹੋ ਜਾਂਦਾ ਹੈ।ਇਹ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤਰੀਆਂ ਦੇ ਮਨ ਵਿਚ ਖੇੜਾ ਲੈ ਆਉਂਦਾ ਹੈ,ਜਿਨ੍ਹਾਂ ਨੇ ਹਿਰਦੇ ਰੂਪੀ ਗਲ ਵਿਚ ਰੱਬ ਦੇ ਨਾਂ ਦਾ ਹਾਰ ਪਾਇਆ ਹੋਇਆ ਹੈ। ਸੁਹਾਗਣ ਔਰਤਾਂ ਦੇ ਕਈ ਤਿਉਹਾਰ ਇਸ ਮਹੀਨੇ ਆਉਂਦੇ ਹਨ। ਵਰਖਾ ਕੇਵਲ ਮਨੁੱਖੀ ਤਨ ਮਨ ਨੂੰ ਹੀ ਨਹੀਂ ਠਾਰਦੀ, ਸਗੋਂ ਪੂਰੀ ਕਾਇਨਾਤ ਹੀ ਕੁਦਰਤ ਦੀ ਇਸ ਆਪਾਰ ਬਖ਼ਸ਼ਿਸ਼ ਨਾਲ ਖੇੜੇ ਵਿਚ ਆ ਜਾਂਦੀ ਹੈ।

ਕਿਸਾਨ ਖੂਹਾਂ ਨਾਲ ਫ਼ਸਲਾਂ ਸਿੰਜਦੇ ਪਰ ਹਰ ਕੋਈ ਮੀਂਹਾਂ ਦੀ ਉਡੀਕ ਕਰਦਾ। ਲੋਕ ਗੀਤਾਂ ਵਿਚ ਵੀ ਅਜਿਹੇ ਭਾਵਾਂ ਦੀ ਤਰਜਮਾਨੀ ਹੋਈ ਹੈ—'ਸਾਉਣ ਮਹੀਨਾ ਭਾਗੀਂ ਭਰਿਆ ਠੰਢੀਆਂ ਵਗਣ ਹਵਾਵਾਂ।ਧੰਨਭਾਗ ਦੁਨੀਆ ਦੇ, ਖੇਤੀਂ ਆਈਆਂ ਬਹਾਰਾਂ।'ਕੁਦਰਤ ਦੇ ਇਸ ਵਰਤਾਰੇ ਵਿਚ ਬਹੁਤ ਅਨਿਸਚਤਤਾ ਹੈ,ਇਹ ਪੁਰਾਣੇ ਸਮਿਆਂ ਵਿਚ ਵੀ ਸੀ ਤੇ ਅੱਜ ਵੀ ਹੈ। ਕਈ ਵਾਰ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਤਬਾਹੀ ਮੱਚ ਜਾਂਦੀ ਹੈ।

ਮਾਲਵੇ ਦੀ ਲੋਕ-ਬੋਲੀ 'ਚ ਅਜਿਹਾ ਵਰਣਨ ਮਿਲਦਾ ਹੈ ;

**" ਪਿੰਡਾਂ 'ਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਚੀਮਾ.**
**ਸਾਉਣ ਮਹੀਨੇ ਮੀਂਹ ਨਾ ਪੈਂਦਾ ਸੁੱਕੀਆਂ ਵਗਣ ਜ਼ਮੀਨਾਂ**
**ਤੂੜੀ ਖਾ ਖਾ ਬਲਦ ਹਾਰ ਗਏ ਗੱਭਰੂ ਗਿੱਝ ਗਏ 'ਫੀਮਾਂ**
**ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ।"**

ਸਾਉਣੀ ਦੀ ਰੁੱਤੇ ਮੱਕੀ ਦੇ ਨਾਲ ਖਰਬੂਜ਼ੇ,ਹਦਵਾਣੇ ਤੇ ਘਰ ਦੀ ਵਰਤੋਂ ਲਈ ਸਬਜ਼ੀਆਂ ਬੀਜੀਆਂ ਜਾਂਦੀਆਂ।ਦੁਪਹਿਰਾਂ ਨੂੰ ਛੱਲੀਆਂ ਭੁੰਨ ਕੇ ਚੱਬਣੀਆਂ ਤੇ ਲੱਸੀ ਪੀ ਕੇ ਹੀ ਡੰਗ ਸਾਰ ਲੈਣਾ। ਉਨ੍ਹਾਂ ਸਮਿਆਂ ਵਿਚ ਬਹੁਤ ਹੱਦ ਤੱਕ ਘਰ ਕੱਚੇ ਹੀ ਹੁੰਦੇ ਸਨ। ਜੇ ਝੜੀ ਲੱਗ ਜਾਣੀ ਤਾਂ ਕੋਠੇ ਚੋਣ ਲੱਗ ਜਾਣੇ। ਕਈ ਵਾਰ ਵਰ੍ਹਦੇ ਮੀਂਹ ਵਿਚ ਹੀ ਘਰ ਦੀਆਂ ਸੁਆਣੀਆਂ ਨੇ ਕੋਠੇ 'ਤੇ ਜਾ ਕੇ ਬਨੇਰੇ ਦੇ ਨਾਲ ਨਾਲ ਹੱਥ ਫੇਰਨਾ ਤਾਂ ਕਿ ਛੱਤ ਦੀਆਂ ਤਰੇੜਾਂ ਆਦਿ ਵਿਚ ਮਿੱਟੀ ਭਰ ਜਾਵੇ ਤੇ ਛੱਤ ਨਾ ਚੋਵੇ। ਚੁੱਲ੍ਹਾ-ਚੌਂਕਾ ਤੇ ਬਾਲਣ ਵੀ ਭਿੱਜ ਜਾਣ ਕਾਰਨ,ਘਰ ਦੀਆਂ ਸੁਆਣੀਆਂ ਲਈ ਰੋਟੀ-ਟੁੱਕ ਕਰਨਾ ਡਾਢਾ ਔਖਾ ਹੋ ਜਾਂਦਾ।ਇਸ ਦੇ ਬਾਵਜੂਦ ਲੋਕ ਮੀਂਹਾਂ ਨੂੰ ਕੁਦਰਤ ਦਾ ਵਰਦਾਨ ਸਮਝਦੇ । ਤੀਆਂ ਵਿਚ ਬੋਲੀਆਂ ਦੇ ਛਰਾਟਿਆਂ ਨਾਲ ਗਿੱਧੇ ਦੀ ਧਮਾਲ ਪੈਂਦੀ। ਪੀਂਘ ਦੇ ਹੁਲਾਰਿਆਂ ਨਾਲ ਕੁੜੀਆਂ ਹਨੇਰੀ ਲਿਆ ਦਿੰਦੀਆਂ-

**" ਸਾਉਣ ਮਹੀਨਾ ਦਿਨ ਤੀਆਂ ਦੇ ਸਭੇ ਸਹੇਲੀਆਂ ਆਈਆਂ**
**ਨੀ ਸੰਤੋ ਸ਼ਾਮੋ ਹੋਈਆਂ 'ਕੱਠੀਆਂ,ਵੱਡੇ ਘਰਾਂ ਦੀਆਂ ਜਾਈਆਂ**

ਪੰਜਾਬੀ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਵੀ ਆਪਣੀ ਕਵਿਤਾ ਵਿਚ ਇਸ ਰੁੱਤ ਦੇ ਤਿਉਹਾਰ ਵਿਚ ਮੇਲ੍ਹਦੀਆਂ ਮੁਟਿਆਰਾਂ ਦਾ ਭਰਪੂਰ ਜ਼ਿਕਰ ਕੀਤਾ ਹੈ—

"ਪੇਕੀਂ ਬੈਠੀਆਂ ਤਾਈਂ" ਦਿਹਾਰ ਆਏ, ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ,

**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ, ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ,**
**ਖੀਰਾਂ ਰਿੱਝੀਆਂ,ਪੂੜਿਆਂ ਡੰਝ ਲਾਹੀ, ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ**
**ਗਿੱਧੇ ਵੱਜਦੇ ਕਿਲਕਲੀ ਮੱਚਦੀ ਏ,**
**ਘਟਾ ਕਾਲੀਆਂ ਵੇਖ ਕੇ ਛਾਈਆਂ ਨੇ।"**


ਘਰਾਂ ਦੇ ਫ਼ਿਕਰਾਂ ਤੇ ਦੁਸ਼ਵਾਰੀਆਂ ਨੂੰ ਭੁੱਲ-ਭੁਲਾ ਕੇ ਮੁਟਿਆਰਾਂ ਖੁਸ਼ੀ ਵਿਚ ਖੀਵੀਆਂ ਹੋ-ਹੋ ਗਿੱਧੇ ਦੇ ਪਿੜ ਵਿਚ ਝੂੰਮਦੀਆਂ। ਇਕ ਦੂਜੀ ਨਾਲ ਦੁੱਖ-ਸੁੱਖ ਵੀ ਸਾਂਝੇਂ ਕਰੀ ਜਾਂਦੀਆਂ ਅਤੇ ਖੁਸ਼ੀਆਂ ਤੇ ਚਾਵਾਂ ਦੇ ਪਲਾਂ ਨੂੰ ਵੀ ਮਾਣੀ ਜਾਂਦੀਆਂ। ਲੋਕ-ਗੀਤਾਂ ਦੇ ਸਿਰਜਣਹਾਰਿਆਂ ਨੇ ਕਿਸੇ ਅਜਿਹੇ ਪਲ ਨੂੰ ਹੀ ਬਿਆਨਿਆ ਜਾਪਦਾ ਹੈ;

**'ਸਾਉਣ ਮਹੀਨਾ ਦਿਨ ਤੀਆਂ ਦੇ ਸੱਭੇ ਸਹੇਲੀਆਂ ਆਈਆਂ,**
**ਭਿੱਜ ਗਈ ਰੂਹ ਮਿੱਤਰਾ ਸਾਉਣ ਘਟਾ ਚੜ੍ਹ ਆਈਆਂ।'**
**ਸਾਉਣ ਦਾ ਮਹੀਨਾ ਬਾਗ਼ਾਂ ਵਿਚ ਬੋਲਣ ਮੋਰ ਵੇ ,**
ਅਸਾਂ ਨਹੀਂ ਸੌਹਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ..।'

ਘਰਾਂ ਵਿਚ ਸੁਆਣੀਆਂ ਖੀਰਾਂ ਤੇ ਪੂੜਿਆਂ ਦੇ ਪਕਵਾਨ ਬਣਾਉਂਦੀਆਂ।ਸਾਉਣ ਦੀਆਂ ਫੁਹਾਰਾਂ ਨਾਲ ਚੱਲਦੀਆਂ ਠੰਢੀਆਂ ਹਵਾਵਾਂ ਨਾਲ ਮਨ ਖਿੜ੍ਹ ਉੱਠਦੇ। ਮੀਂਹ ਵਰ੍ਹਦੇ ਤਾਂ ਫ਼ਸਲਾਂ ਝੂੰਮ ਉੱਠਦੀਆਂ ਅਤੇ ਕਿਸਾਨਾਂ ਦੇ ਚਿਹਰੇ ਵੀ ਖਿੜ੍ਹ ਜਾਂਦੇ। ਧਨੀ ਰਾਮ ਚਾਤ੍ਰਿਕ ਨੇ ਸਾਉਣ ਮਹੀਨੇ ਦਾ ਅਜਿਹਾ ਸਜੀਵ ਚਿੱਤਰ ਪੇਸ਼ ਕੀਤਾ—

**"ਸਾਉਣ ਮਾਹ ਝੜੀਆਂ ਗਰਮੀ ਝਾੜ ਸੁੱਟੀ, ਧਰਤੀ ਪੁੰਗਰੀ ਟਹਿਕੀਆਂ ਡਾਲੀਆਂ ਨੇ,**
**ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ, ਨਦੀਆਂ ਨਾਲਿਆ ਜੂਹਾਂ ਹੰਘਾਲੀਆਂ ਨੇ,**
**ਧਾਈਂ ਉੱਸਰੇ, ਨਿੱਸਰੀ ਚਰ੍ਹੀ ਮੱਕੀ ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇ।"**

**ਗੁਰਬਿੰਦਰ ਸਿੰਘ ਮਾਣਕ**



# ਇਸ਼ਕ ਦਾ ਰੁਤਬਾ ਹੈ ਬੜਾ ਉਚਾ-ਸੁੱਚਾ

ਇਸ਼ਕ ਅਰਬੀ ਭਾਸ਼ਾ ਦਾ ਸ਼ਬਦ ਹੈ। ਅਸਲ 'ਚ ਇਸ਼ਕ ਦਾ ਆਧਾਰ ਕੁਰਾਨ ਸ਼ਰੀਫ਼ ਦੀ ਆਇਤ ਵਿਚ ਦਰਜ ਹੈ ਕਿ ਅੱਲਾ ਨੂੰ ਪਹਿਲਾਂ ਆਪਣੇ-ਆਪ ਨਾਲ ਇਸ਼ਕ ਹੋਇਆ ਤੇ ਉਸ ਨੇ ਆਪਣਾ ਹੀ ਰੂਪ ਦੇਖਣ ਲਈ ਆਪਣੇ ਵਰਗਾ ਆਦਮ ਪੈਦਾ ਕੀਤਾ। ਇਸ ਤਰ੍ਹਾਂ ਜੱਗ ਵਿਚ ਇਸ਼ਕ ਦੀ ਖੇਡ ਤੁਰ ਪਈ। ਇਸਲਾਮੀ ਬੋਲਚਾਲ ਨਾਲ ਇਹ ਸ਼ਬਦ ਪੰਜਾਬੀ ਵਿਚ ਵੀ ਪ੍ਰਚਲਿਤ ਹੋ ਗਿਆ।



ਇਸ਼ਕ ਦਾ ਅਰਥ ਹੈ ਸੰਘਣੀ, ਡੂੰਘੀ ਤੇ ਗੰਭੀਰ ਮੁਹੱਬਤ। ਇਹ ਸ਼ਬਦ ਇਸ਼ਕਾ ਤੋਂ ਨਿਕਲਿਆ ਹੈ। ਇਸ਼ਕਾ ਇਕ ਵੇਲ ਹੁੰਦੀ ਹੈ ਜੋ ਜਿਸ ਰੁੱਖ 'ਤੇ ਵੀ ਚੜ੍ਹਦੀ ਹੈ, ਉਸ ਦੇ ਪੱਤੇ ਝੜ ਜਾਂਦੇ ਹਨ। ਸੂਫ਼ੀ ਮੱਤ ਵਿਚ ਇਸ਼ਕ ਦਾ ਵਲਵਲਾ ਬਹੁਤ ਬਲਵਾਨ ਹੈ। ਇੱਥੇ ਇਸ਼ਕ ਦਾ ਰੁਤਬਾ ਬਹੁਤ ਉੱਚਾ ਹੈ। ਸੂਫ਼ੀ ਮਹਿਬੂਬ ਨੂੰ ਰੱਬ ਦਾ ਦਰਜਾ ਦਿੰਦੇ ਹਨ ਜਾਂ ਇੰਜ ਕਹਿ ਲਵੋ ਕਿ ਰੱਬ ਨੂੰ ਮਹਿਬੂਬ ਸਮਝ ਕੇ ਇਸ਼ਕ ਕਰਦੇ ਹਨ।

ਸੂਫ਼ੀਵਾਦ ਦਾ ਰਾਹ ਕੇਵਲ ਤੇ ਕੇਵਲ ਇਸ਼ਕ ਦਾ ਰਾਹ ਹੈ। ਜਦੋਂ ਸੂਫ਼ੀ ਸ਼ਰੀਅਤ ਨੂੰ ਲੰਘ ਕੇ ਇਸ਼ਕ ਮਿਜ਼ਾਜੀ ਤੋਂ ਇਸ਼ਕ ਹਕੀਕੀ ਵੱਲ ਪਰਤਦਾ ਹੈ ਤਾਂ ਇਹ ਪ੍ਰੇਮ ਹੀ ਉਸ ਦਾ ਮੂਲ ਧਰਮ ਬਣ ਜਾਂਦਾ ਹੈ। ਅਨਹਲਹਕ ਵਾਲੀ ਅਵਸਥਾ ਇਸ਼ਕ ਦੀ ਸਦੀਵੀ ਤੇ ਸਭ ਤੋਂ ਉੱਚੀ ਅਵਸਥਾ ਹੈ। ਉਹ ਪਰਵਰਦਿਗਾਰ ਰਗ-ਰਗ ਵਿਚ ਵਸਦਾ ਹੈ। ਹਰ ਸ਼ੈਅ ਵਿਚ ਰੱਬ ਦੀ ਹੋਂਦ ਤੋਂ ਮੁਨੱਕਰ ਨਹੀਂ ਹੋਇਆ ਜਾ ਸਕਦਾ। ਇਹ ਸਦਾਕਤ ਹੈ ਕਿ ਇਸ਼ਕ ਹਕੀਕੀ ਹੋਵੇ ਜਾਂ ਮਿਜ਼ਾਜੀ, ਇਸ ਦਾ ਸਰੂਰ ਵਿਲੱਖਣ ਹੀ ਹੁੰਦਾ ਹੈ। ਇਸ ਸਰੂਰ ਵਿਚ ਸ਼ਹਿਦ ਦੇ ਘੁੱਟਾਂ ਵਰਗਾ ਸਵਾਦ ਹੈ ਤਾਂ ਹੀ ਤਾਂ ਹਾਸ਼ਮ ਕਹਿੰਦਾ ਹੈ : 'ਇੱਕੋ ਬੂਟਾ, ਇੱਕੋ ਲੱਜਤ, ਇੱਕੋ ਪਤਾ ਨਿਸ਼ਾਨੀ।' ਪਰ ਨਾਲ ਹੀ ਉਹ ਇਹ ਵੀ ਪੱਕਾ ਕਰਦਾ ਹੈ ਕਿ ਇਹ ਰਾਹ ਦੁਸ਼ਵਾਰ ਹੈ, ਕੰਡਿਆਂ ਨਾਲ ਭਰਿਆ ਪਿਆ ਹੈ ਤੇ ਇਹ ਵੱਡਮੁੱਲੀ ਪੀੜ ਹਰ ਕਿਸੇ ਦਾ ਨਸੀਬ ਨਹੀਂ ਹੁੰਦੀ। ਕਹਿੰਦੇ ਨੇ "ਇਸ਼ਕ ਸ਼ਰ੍ਹਾ ਦਾ ਵੈਰੀ"।

ਇਸ ਖੁਦਾਈ ਇਸ਼ਕ ਪਿੱਛੇ ਹੀ ਤਾਂ ਸਰਮਦ ਨੇ ਪੁੱਠੀ ਖੱਲ ਲੁਹਾਈ ਸੀ ਤੇ ਮਨਸੂਰ ਸੂਲੀ 'ਤੇ ਚੜ੍ਹ ਗਿਆ ਸੀ। ਇਤਿਹਾਸ ਗਵਾਹ ਹੈ ਕਿ ਇਸ ਇਸ਼ਕ ਪਿੱਛੇ ਰਾਂਝੇ ਨੂੰ ਕੰਨ ਪੜਵਾਉਣੇ ਪਏ, ਸੋਹਣੀ ਕੱਚੇ ਘੜੇ 'ਤੇ ਤਰਦੀ ਰਹੀ, ਸੱਸੀ ਥਲਾਂ ਵਿਚ ਪੁੰਨੂ ਨੂੰ ਭਾਲਦੀ ਮਰ ਗਈ, ਫਰਿਆਦ ਸ਼ੀਰੀ ਨੂੰ ਪਾਉਣ ਖ਼ਾਤਰ ਪਹਾੜ ਕੱਟਦਾ ਰਿਹਾ, ਮਜਨੂੰ ਲੈਲਾ ਦੇ ਨਾਂ 'ਤੇ ਮੌਤ ਨੂੰ ਹੀ ਜ਼ਿੰਦਗੀ ਸਮਝਦਾ ਰਿਹਾ ਤੇ ਮਿਰਜ਼ਾ ਤਲਵਾਰ ਚੁੱਕਦਾ ਹੈ ਤੇ ਜੰਡ ਥੱਲੇ ਵੱਢਿਆ ਜਾਂਦਾ ਹੈ ਭਾਵ ਇਸ਼ਕ ਦੇ ਰਾਹ 'ਤੇ ਤੁਰਨ ਵਾਲਿਆਂ ਨੂੰ ਉਮਰ ਭਰ ਰੋਣਾ ਹੀ ਨਸੀਬ ਹੁੰਦਾ ਹੈ।

ਸੂਫ਼ੀਆਂ ਦਾ ਇਹ ਮੱਤ ਹੈ ਕਿ ਇਸ਼ਕ ਮਿਜ਼ਾਜੀ ਇਸ਼ਕ ਹਕੀਕੀ ਦੀ ਹੀ ਪੌੜੀ ਹੈ ਤੇ ਇਸ਼ਕ ਜਦੋਂ ਜਨੂੰਨ ਵਿਚ ਬਦਲਦਾ ਹੈ ਤਾਂ ਪਤਾ ਵੀ ਨਹੀਂ ਲੱਗਦਾ। ਚਾਹਤ, ਪਿਆਰ, ਮੁਹੱਬਤ, ਵਫ਼ਾ, ਉਲਫਤ ਇਨ੍ਹਾਂ ਸਾਰੇ ਅੰਤਰ ਸਬੰਧਤ ਲਫ਼ਜ਼ਾਂ ਨਾਲ ਮੈਨੂੰ ਬੇਇੰਤਹਾ ਮੋਹ ਹੈ। ਪਿਆਰ ਕਰਨ ਵਾਲੇ ਲੋਕ ਮੈਨੂੰ ਮੁੱਢ ਤੋਂ ਹੀ ਚੰਗੇ ਲੱਗਦੇ ਹਨ। ਪਿਆਰ ਦੇ ਬਹੁਤ ਸਾਰੇ ਰੂਪ ਹਨ ਜਿਵੇਂ ਮਾਂ ਦਾ ਆਪਣੇ ਬੱਚਿਆਂ ਪ੍ਰਤੀ ਪ੍ਰੇਮ, ਭੈਣ-ਭਰਾ, ਪਤੀ-ਪਤਨੀ, ਆਸ਼ਕ-ਮਸ਼ੂਕ, ਦੇਸ਼ ਨਾਲ ਪਿਆਰ, ਕਿਤਾਬਾਂ ਨਾਲ ਪਿਆਰ, ਸਮੁੱਚੀ ਕਾਇਨਾਤ ਨਾਲ ਪਿਆਰ ਤੇ ਸਭ ਤੋਂ 'ਤੇ ਮਾਨਵਤਾ ਨਾਲ ਪਿਆਰ। ਅਸੀਂ ਪਿਆਰ ਦੀ ਵਰਗ ਵੰਡ ਨਹੀਂ ਕਰ ਸਕਦੇ। ਪਿਆਰ ਸਿਰਫ਼ ਪਿਆਰ ਹੁੰਦਾ ਹੈ।

ਹਰ ਰਿਸ਼ਤੇ ਦੇ ਪਿਆਰ ਦੇ ਨਾਲ-ਨਾਲ ਆਸ਼ਕ-ਮਾਸ਼ੂਕ ਦੇ ਪਿਆਰ ਦੀ ਵੀ ਮੈਂ ਹਾਮੀ ਰਹੀ ਹਾਂ। ਬਸ਼ਰਤੇ ਇਸ ਪਿਆਰ ਵਿਚ ਜਿਨਸੀ ਵਾਸ਼ਨਾ ਨਾ ਹੋਵੇ। ਬੇਸ਼ੱਕ ਮੁਹੱਬਤ ਦਿਲਾਂ ਦਾ ਕਾਰੋਬਾਰ ਹੈ ਪਰ ਜੇ ਸਰੀਰ ਦੇ ਖੱਬੇ ਪਾਸੇ ਧੜਕਦੇ ਦਿਲ ਦੇ ਨਾਲ-ਨਾਲ ਦਿਮਾਗ ਦਾ ਇਸਤੇਮਾਲ ਵੀ ਕਰ ਲਿਆ ਜਾਵੇ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ। ਮੈਨੂੰ ਇਹ ਸ਼ਿੱਦਤ ਨਾਲ ਅਹਿਸਾਸ ਹੈ ਕਿ ਇਸ ਦੁਨੀਆ ਵਿਚ ਜੇ ਕੋਈ ਸਭ ਤੋਂ ਔਖਾ ਕੰਮ ਹੈ ਤਾਂ ਉਹ ਹੈ ਪਿਆਰ ਕਰਨਾ ਕਿਉਂਕਿ ਸਾੜੇ, ਈਰਖਾ ਨਾਲ ਭਰੇ ਇਸ ਜੱਗ ਵਿਚ ਨਫ਼ਰਤ ਕਰਨੀ ਤਾਂ ਬਹੁਤ ਸੁਖਾਲੀ ਹੈ।

ਜਵਾਨੀ ਵੇਲੇ ਕਿਤੇ ਪੜ੍ਹਿਆ ਸੀ ਕਿ ਹਰੇਕ ਇਨਸਾਨ ਦੀ ਜ਼ਿੰਦਗੀ ਵਿਚ ਮੁਹੱਬਤ ਦਾ ਇਕ ਪਲ ਅਜਿਹਾ ਜ਼ਰੂਰ ਆਉਂਦਾ ਹੈ ਜਦੋਂ ਉਸ ਨੂੰ ਸਾਰੀ ਕੁਦਰਤ ਇਲਾਇਚੀਆਂ ਦੇ ਬਾਗ ਵਰਗੀ ਲੱਗਣ ਲੱਗ ਜਾਂਦੀ ਹੈ।

ਇਹ ਖ਼ੁਸ਼ਬੂ ਤਮਾਮ ਉਮਰ ਉਸ ਦੀ ਨਸ-ਨਸ ਵਿਚ ਵਸ ਹੀ ਨਹੀਂ ਜਾਂਦੀ ਸਗੋਂ ਉਸ ਦਾ ਆਲਾ-ਦੁਆਲਾ ਵੀ ਮਹਿਕ ਉੱਠਦਾ ਹੈ ਤੇ ਉਸ ਦੀ ਮੁਹੱਬਤ ਨੂੰ ਪਰਵਾਨ ਚੜ੍ਹਾਉਣ ਲਈ ਦੁਨੀਆ ਦੀ ਕੁੱਲ ਹਾਂ-ਪੱਖੀ ਤਾਕਤ ਪੱਬਾਂ ਭਾਰ ਹੋ ਜਾਂਦੀ ਹੈ। ਪਿਆਰ ਕਰਨ ਵਾਲਿਆਂ ਨੂੰ ਸਿਰ-ਧੜ ਦੀ ਬਾਜ਼ੀ ਤਾਂ ਲਾਉਣੀ ਹੀ ਪੈਂਦੀ ਹੈ। ਸੱਚੇ ਪਿਆਰ ਅਤੇ ਕੁਰਬਾਨੀ ਦਾ ਗੂੜ੍ਹਾ ਰਿਸ਼ਤਾ ਹੈ।

ਹਰ ਮਜ਼ਹਬ ਪਿਆਰ ਕਰਨ ਦਾ ਹੀ ਸਬਕ ਸਿਖਾਉਂਦਾ ਹੈ। ਸਾਡੇ ਬਾਬੇ ਭਾਵੇਂ ਉਹ ਫ਼ਰੀਦ ਹੋਵੇ, ਬੁੱਲ੍ਹਾ ਹੋਵੇ ਜਾਂ ਨਾਨਕ ਇਹ ਪਿਆਰ ਦਾ ਹੀ ਤਾਂ ਉਪਦੇਸ਼ ਦਿੰਦੇ ਰਹੇ ਹਨ। ਦੂਜੇ ਪਾਸੇ ਧਰਮਾਂ ਦੇ ਠੇਕੇਦਾਰ ਹੀ ਨਹੀਂ ਸਗੋਂ ਸਮਾਜ ਦੇ ਠੇਕੇਦਾਰ ਅਤੇ ਸਾਡੇ ਬਹੁਤੇ ਸਿਆਸਤਦਾਨ ਵੀ ਲੋਕਾਈ ਦੇ ਦਿਲਾਂ ਵਿਚ ਲੀਕਾਂ ਪਾਉਣ ਲਈ ਹੀ ਯਤਨਸ਼ੀਲ ਰਹੇ ਹਨ। ਇਤਿਹਾਸ 'ਤੇ ਜਦੋਂ ਨਜ਼ਰ ਮਾਰਦੀ ਹਾਂ ਤਾਂ ਅੱਖਾਂ ਖ਼ੂਨ ਦੇ ਅੱਥਰੂ ਰੋਂਦੀਆਂ ਹਨ। ਸੋਚਦੀ ਹਾਂ ਕਿ ਪੁਰਾਣੇ ਵੇਲਿਆਂ ਵਿਚ ਤਾਂ ਜਾਤ-ਪਾਤ ਦਾ ਜ਼ੋਰ ਸੀ ਤੇ ਧਰਮਾਂ ਦੀਆਂ ਵੰਡਾਂ ਨੇ ਸਦਾ ਪਿਆਰ ਕਰਨ ਵਾਲਿਆਂ 'ਤੇ ਛੁਰੀਆਂ ਹੀ ਚਲਾਈਆਂ ਸਨ ਪਰ ਏਨੀਆਂ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਸਵੇਰੇ-ਸਵੇਰੇ ਅਖ਼ਬਾਰ ਦੀ ਇਸ ਖ਼ਬਰ ਨੇ ਬਹੁਤ ਉਦਾਸ ਕੀਤਾ ਜਿਸ ਵਿਚ ਇਕ ਨੌਜਵਾਨ ਭਰਾ ਆਪਣੇ ਬਾਪ ਨਾਲ ਰਲ ਕੇ ਆਪਣੀ ਅਧਿਆਪਕ ਭੈਣ ਨੂੰ ਇਸ ਲਈ ਕਤਲ ਕਰ ਦਿੰਦਾ ਹੈ ਕਿ ਉਸ ਨੇ ਆਪਣੇ ਨਾਲ ਪੜ੍ਹਾਉਂਦੇ ਗ਼ੈਰ ਜਾਤੀ ਤੇ ਗ਼ੈਰ ਧਰਮ ਦੇ ਨੌਜਵਾਨ ਨਾਲ ਵਿਆਹ ਕਰਵਾ ਲਿਆ ਸੀ।

ਇਹ ਅਖੌਤੀ ਅਣਖ ਖ਼ਾਤਰ ਕਤਲ ਸਾਡੇ ਸੱਭਿਅਕ ਸਮਾਜ ਦੇ ਮੱਥੇ 'ਤੇ ਬਦਨੁਮਾ ਦਾਗ਼ ਹਨ। ਕਿੰਨੇ ਖ਼ਤਰਨਾਕ ਹਨ ਇਹ ਐਂਟੀ ਰੋਮੀਓ ਸਕੁਐਡ। ਇਕ ਪਾਸੇ ਤਾਂ ਲੋਕ ਆਪਣੀਆਂ ਧੀਆਂ ਨੂੰ ਬੇਗਾਨੇ ਮੁਲਕਾਂ ਵਿਚ ਪੜ੍ਹਨ ਤੇ ਆਪਣੀ ਜ਼ਿੰਦਗੀ ਬਣਾਉਣ ਲਈ ਇਕੱਲਿਆਂ ਭੇਜ ਰਹੇ ਹਨ ਤੇ ਨਾਲ ਹੀ ਉਨ੍ਹਾਂ ਨੂੰ ਇਹ ਹਦਾਇਤ ਵੀ ਕਰਦੇ ਹਨ ਕਿ ਖ਼ਬਰਦਾਰ ਜੇ ਮਾਪਿਆਂ ਦੀ ਮਰਜ਼ੀ ਦੇ ਖ਼ਿਲਾਫ਼ ਆਪਣਾ ਵਰ ਆਪ ਲੱਭਣ ਦੀ ਹਿਮਾਕਤ ਕੀਤੀ।

ਔਰਤ ਦੇ ਸਿੱਖਿਆ ਗ੍ਰਹਿਣ ਕਰਨ ਤੇ ਕੰਮ ਕਰਨ ਦੇ ਹੱਕ ਨੂੰ ਤਾਂ ਕੁਝ ਹੱਦ ਤੱਕ ਸਾਡੇ ਸਮਾਜ ਨੇ ਕਬੂਲ ਕਰ ਲਿਆ ਹੈ ਪਰ ਆਪਣੀ ਜ਼ਿੰਦਗੀ ਦੇ ਫ਼ੈਸਲੇ ਆਪ ਲੈਣ ਦੇ ਹੱਕ ਤੋਂ ਉਹ ਅੱਜ ਵੀ ਵਾਂਝੀ ਹੈ।

ਪਿਆਰ ਦੇ ਰਾਹ ਵਿਚ ਅੜਿੱਕਾ ਇਹ ਨਫ਼ਰਤਾਂ ਖ਼ਤਮ ਕਰ ਕੇ ਕੁੜੀਆਂ ਨੂੰ ਸਮਾਜਿਕ ਤੇ ਵਿਚਾਰਕ ਆਜ਼ਾਦੀ ਕਿਉਂ ਨਹੀਂ ਦਿੱਤੀ ਜਾਂਦੀ? ਉਫ਼! ਨਾਰੀ ਦੀ ਆਜ਼ਾਦੀ ਤੇ ਅਣਖ ਖ਼ਾਤਰ ਹੁੰਦੇ ਕਤਲ ਮੈਨੂੰ ਕਿਉਂ ਪਰੇਸ਼ਾਨ ਕਰ ਰਹੇ ਹਨ? ਅੱਜ ਤਾਂ ਮੈਂ ਆਪਣੇ ਬਹੁਤ ਹੀ ਹੇਜਲੇ ਨੌਜਵਾਨ ਦੇ ਆਨੰਦ ਕਾਰਜ 'ਚ ਬੈਠੀ ਕਿੱਥੇ ਉਲਝ ਗਈ ਹਾਂ। ਅੱਜ ਤਾਂ ਖ਼ੁਸ਼ੀ ਦਾ ਦਿਨ ਹੈ। ਇਸ ਘੁੱਪ ਹਨ੍ਹੇਰੇ ਵਿਚ ਵੀ ਮੈਨੂੰ ਫ਼ਜ਼ਰ ਦੇ ਚਾਨਣ ਦੀ ਲੋਅ ਨਜ਼ਰੀਂ ਆ ਰਹੀ ਹੈ।

ਜਿਉਂ-ਜਿਉਂ ਲਾਵਾਂ ਪੜ੍ਹੀਆਂ ਜਾ ਰਹੀਆਂ ਹਨ, ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਦੇ ਉਪਰਾਲੇ ਨੂੰ ਸਜੀਵ ਹੁੰਦਾ ਦੇਖ ਰਹੀ ਹਾਂ। ਜਾਤ-ਪਾਤ, ਧਰਮ ਦੇ ਵਿਤਕਰੇ ਨੂੰ ਮਲੀਆਮੇਟ ਹੁੰਦਾ ਦੇਖ ਰਹੀ ਹਾਂ। ਜਾਗੀਰਦਾਰੀ ਪ੍ਰਬੰਧ ਦੀ ਰਹਿੰਦ-ਖੂਹੰਦ ਮਿਟਦੀ ਲੱਗ ਰਹੀ ਹੈ। ਲੱਗਦਾ ਹੈ ਜੰਗਲ ਰਾਜ ਦਾ ਖ਼ਾਤਮਾ ਹੁਣ ਹੋਣ ਹੀ ਵਾਲਾ ਹੈ। ਮੈਂ ਇਸ ਸਿੱਟੇ 'ਤੇ ਪੁੱਜੀ ਹਾਂ ਕਿ ਸੁਹਿਰਦ ਪਿਆਰ ਵੀ ਤਾਂ ਹਰ ਯੁੱਗ ਵਿਚ ਹੀ ਹੁੰਦਾ ਹੈ। ਇਸ ਵਿਆਹ ਵਿਚ ਸਭ ਤੋਂ ਵੱਧ ਖ਼ੁਸ਼ੀ ਵਾਲੀ ਗੱਲ ਇਹ ਹੈ ਕਿ ਇਹ ਵਿਆਹ ਊਚ-ਨੀਚ, ਜਾਤ-ਪਾਤ ਤੇ ਧਰਮਾਂ ਦੀਆਂ ਹੱਦਾਂ-ਬੰਨੇ ਟੱਪ ਕੇ ਸਿਰੇ ਚੜ੍ਹਿਆ ਹੈ। ਦੋਨਾਂ ਵਿਚ ਬਰਾਬਰੀ ਜੇ ਕੋਈ ਹੈ ਤਾਂ ਉਹ ਹੈ ਪੜ੍ਹਾਈ, ਆਰਥਿਕ ਸਵੈ-ਨਿਰਭਰਤਾ ਅਤੇ ਜ਼ਿਹਨੀ ਸਮਾਨਤਾ ਦੀ।

ਨਿੱਘੇ ਸੁਭਾਅ ਦੀ ਮਾਲਕ ਇਹ ਜੋੜੀ ਹਰ ਮਿਲਣ ਵਾਲੇ ਨੂੰ ਮੁਤਾਸਰ ਕਰਦੀ ਹੈ ਤੇ ਮੁਹੱਬਤ ਦੀ ਸੱਚੀ-ਸੁੱਚੀ ਲੋਅ ਦੀ ਪ੍ਰਤੀਕ ਬਣ ਗਈ ਹੈ। ਸੱਚੀਂ ਇਨ੍ਹਾਂ ਦੀ ਵਫ਼ਾ 'ਤੇ ਸਾਨੂੰ ਵੀ ਮਾਣ ਹੈ। ਇਸ ਪਿਆਰੇ ਜਿਹੇ ਜੋੜੇ ਨੇ ਅੱਗ ਦਾ ਭਰਿਆ ਦਰਿਆ ਕਿਵੇਂ ਪਾਰ ਕੀਤਾ ਹੋਵੇਗਾ, ਇਸ਼ਕ ਦੀ ਵੱਡੀ ਪੀੜ ਨੂੰ ਕਿਵੇਂ ਝੱਲਿਆ ਹੋਵੇਗਾ? ਚਲੋ ਇਹ ਕਹਾਣੀ ਕਦੇ ਫਿਰ ਸਹੀ। ਸ਼ਾਲਾ! ਇਸ ਜੋੜੀ ਦਾ ਇਸ਼ਕ ਸਦਾ ਸਲਾਮਤ ਰਹੇ।

ਆਮੀਨ!

**-ਡਾ. ਨਵਜੋਤ**







# ਗੁਰੂ ਕੇ ਲੰਗਰ ਦਾ ਮਹੱਤਵ



ਗੁਰੂ ਘਰ ਦੀ ਦੂਰੋਂ ਦਿੱਸਦੀ ਇਮਾਰਤ ਵਿਸ਼ਵਾਸ ਦਿਵਾਉਂਦੀ ਹੈ ਕਿ ਲੋੜਵੰਦ ਨੂੰ ਬਿਨਾਂ ਕਿਸੇ ਵਿਤਕਰੇ ਦੇ ਲੰਗਰ ਮਿਲ ਸਕੇਗਾ। ਗੁਰਸਿੱਖ ਵਿਚ ਕਿਸੇ ਨੂੰ ਵੀ ਗੁਰੂ ਕੇ ਲੰਗਰ ਦਾ ਸੇਵਾਦਾਰ ਸਹਿਜ ਹੀ ਨਜ਼ਰ ਆ ਜਾਂਦਾ ਹੈ। ਸੰਸਾਰ ਵਿਚ ਲੰਗਰ ਅੱਜ ਸਿੱਖੀ ਦੇ ਖ਼ਾਸ ਥੰਮ ਵਜੋਂ ਪ੍ਰਵਾਨ ਕਰ ਲਿਆ ਗਿਆ ਹੈ। ਇਹ ਹਕੀਕਤ ਹੈ ਕਿ ਲੰਗਰ ਸਿੱਖ ਪੰਥ ਦਾ ਅਦੁੱਤੀ ਪੱਖ ਬਣ ਕੇ ਉਭਰਿਆ ਹੈ।ਇਸ ਦੀ ਵਿਵਹਾਰਕ ਹੀ ਨਹੀਂ ਸਿਧਾਂਤਕ ਮਹੱਤਤਾ ਵੀ ਹੈ।ਲੰਗਰ ਕਿਤੇ ਵੀ ਲੱਗੇ, ਕੋਈ ਵੀ ਲਗਾਵੇ, ਇਸ ਦੀ ਪ੍ਰਵਾਨਗੀ ਗੁਰੂ ਕੇ ਲੰਗਰ ਦੇ ਰੂਪ 'ਚ ਹੀ ਹੁੰਦੀ ਹੈ । ਲੰਗਰ ਉਹ ਲਗਾਉਂਦਾ ਹੈ, ਜਿਨ੍ਹਾਂ 'ਤੇ ਗੁਰੂ ਬਖ਼ਸ਼ਿਸ਼ ਹੁੰਦੀ ਹੈ। ਗੁਰੂ ਕੇ ਲੰਗਰ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਸਾਹਿਬ ਰਹਿੰਦਿਆਂ ਆਰੰਭ ਕੀਤੀ ਸੀ।

ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥''

ਆਉਣ ਵਾਲੀ ਸੰਗਤ ਲਈ ਭੋਜਨ ਦਾ ਪ੍ਰਬੰਧ ਪ੍ਰੀਤਿ ਦੀ ਉਸ ਭਾਵਨਾ ਦਾ ਹੀ ਪ੍ਰਤੀਕ ਸੀ ਜੋ ਆਪ ਗੁਰੂ ਸਾਹਿਬ ਦੀ ਨਿਗਰਾਨੀ ਹੇਠ ਕੀਤਾ ਜਾਂਦਾ ਸੀ।

ਗੁਰੂ ਅਮਰਦਾਸ ਸਾਹਿਬ ਨੇ ਲੰਗਰ ਨੂੰ ਸਮਾਜਿਕ ਬਰਾਬਰੀ ਦੇ ਸਿਧਾਂਤ ਨਾਲ ਜੋੜਿਆ। ਲੰਗਰ ਛੇਤੀ ਹੀ ਸੇਵਾ ਭਾਵਨਾ ਦਾ ਮਾਧਿਅਮ ਵੀ ਬਣ ਗਿਆ। ਗੁਰਸਿੱਖ ਆਪਣੇ ਘਰਾਂ ਵਿਚ ਲੰਗਰ ਲਾਉਣ ਲੱਗ ਪਏ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪੁਰਾਣੇ ਸਮੇਂ ਵਿਚ ਦੇਗ (ਲੰਗਰ) ਦੀ ਸੇਵਾ ਪ੍ਰਧਾਨ ਸੀ। ਇਹ ਪ੍ਰੇਰਣਾ ਸਿੱਖਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ 'ਗੁਰੂ ਨਮਿੱਤ ਲੰਗਰ ਕਰਹੁ ਹੁਇ ਕਲਯਾਣ ਵਿਸ਼ੇਸ਼।'' ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਹਰਿ ਰਾਇ ਸਾਹਿਬ ਦੇ ਗੁਰਤਾ ਕਾਲ ਦੇ ਸੰਦਰਭ ਨਾਲ ਕਿਹਾ ਕਿ ਨਿਰਧਨ, ਰੰਕ, ਅਨਾਥ, ਤਨ ਤੋਂ ਲਾਚਾਰ ਆਦਿ ਭੋਜਨ ਲਈ ਤਰਸਦੇ ਸਨ। ਉਨ੍ਹਾਂ ਸਾਰਿਆਂ ਦੇ ਭੋਜਨ ਦਾ ਪ੍ਰਬੰਧ ਗੁਰਸਿੱਖ ਲੰਗਰ ਵਿਚ ਕਰਦੇ ਸਨ

**ਪੁਰਿ ਗ੍ਰਾਮਨਿ ਮਹਿ ਗੁਰਸਿਖ ਜਹਾਂ।**

**ਛੁਧਿਤ ਸੁ ਭੋਜਨ ਪ੍ਰਾਪਤਿ ਤਹਾਂ ॥'**

**ਲੰਗਰ ਦਾ ਮਨੋਰਥ ਭੁੱਖੇ ਨੂੰ ਤ੍ਰਿਪਤ ਕਰਨਾ ਸੀ**

**'ਦੇ ਭੋਜਨ ਕੋ ਤਿਹ ਤ੍ਰਿਪਤਾਵੈ। ਭੂਖਾ ਸਿਖ ਕੋ ਰਹਿਨੁ ਨ ਪਾਵੈ ॥**

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਹੁਕਮ ਸੀ ਕਿ ਗੁਰਸਿੱਖ ਦੇ ਘਰ ਦਾ ਲੰਗਰ ਸਦਾ ਖੁੱਲ੍ਹਾ ਰਹੇ।

**ਡਾ. ਸਤਿੰਦਰਪਾਲ ਸਿੰਘ**

# ਕੈਨੇਡਾ ਵਿਚ ਫਿਰੌਤੀਆਂ ਤੋਂ ਪ੍ਰੇਸ਼ਾਨ ਕਾਰੋਬਾਰੀਆਂ ਨੇ ਚੁੱਕੀ ਆਵਾਜ਼

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਕਾਰੋਬਾਰੀਆਂ ਨੂੰ ਆਉਂਦੀਆਂ ਫਿਰੌਤੀ ਕਾਲਾਂ ਅਤੇ ਕਈਆਂ ਦੇ ਘਰਾਂ ਤੇ ਕਾਰੋਬਾਰੀ ਸਥਾਨਾਂ ਸਾਹਮਣੇ ਚੱਲਦੀਆਂ ਗੋਲੀਆਂ ਲਈ ਉਨ੍ਹਾਂ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬੀਸੀ ਟਰੱਕਿੰਗ ਐਸੋਸੀਏਸ਼ਨ ਵੱਲੋਂ ਕੀਤੇ ਇਕੱਠ ਵਿੱਚ ਹਰ ਵਰਗ ਦੇ ਕਾਰੋਬਾਰੀ ਸ਼ਾਮਲ ਹੋਏ। ਇਸ ਦੌਰਾਨ ਕਈ ਕਾਰੋਬਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਕੈਨੇਡਾ ਬਾਰੇ ਵੇਖੇ ਸੁਫ਼ਨੇ ਚਕਨਾਚੂਰ ਹੋ ਗਏ ਹਨ। ਕੁਝ ਨੇ ਸਪੱਸ਼ਟ ਕਿਹਾ ਕਿ ਉਹ ਕਿਸੇ ਹੋਰ ਦੇਸ਼ ਜਾਣ ਦੀ ਵਿਉਂਤਬੰਦੀ ਕਰ ਰਹੇ ਹਨ।



ਸਰੀ ਤੋਂ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਤੇ ਰਣਦੀਪ ਸਰਾਏ ਨੇ ਇਸ ਨੂੰ ਵਿਦੇਸ਼ੀ ਤਾਕਤਾਂ ਵੱਲੋਂ ਕੈਨੇਡਾ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਗਰਦਾਨਿਆ ਤੇ ਇਸ ਤੋਂ ਚੌਕਸ ਰਹਿਣ ਲਈ ਕਿਹਾ। ਉੱਥੇ ਮੌਜੂਦ ਵੈਦਿਕ ਹਿੰਦੂ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਨੇ ਤੁਰੰਤ ਇਸ ਦੋਸ਼ ਨੂੰ ਖਾਰਜ ਕਰਦਿਆਂ ਆਗੂਆਂ 'ਤੇ ਜ਼ਿੰਮੇਵਾਰੀ ਤੋਂ ਭੱਜਣ ਦਾ ਦੋਸ਼ ਲਾਇਆ।

ਟੋਰੀ ਪਾਰਟੀ ਦੇ ਸੰਸਦ ਮੈਂਬਰ ਟਿਮ ਉੱਪਲ ਨੇ ਕਿਹਾ ਕਿ ਫਿਰੌਤੀ ਰੁਝਾਨ ਤੋਂ ਫਿਕਰਮੰਦ ਉਨ੍ਹਾਂ ਦੀ ਪਾਰਟੀ ਨੇ ਪਿਛਲੇ ਦਿਨੀਂ ਸੰਸਦ ਵਿੱਚ ਸਖ਼ਤ ਸਜ਼ਾ ਦਾ ਮਤਾ ਪੇਸ਼ ਕੀਤਾ ਸੀ, ਜਿਸ ਨੂੰ ਪਾਸ ਨਾ ਹੋਣ ਦੇਣਾ ਸਰਕਾਰੀ ਬਦਨੀਅਤੀ ਦਾ ਸਬੂਤ ਹੈ। ਟੋਰੀ ਆਗੂ ਜੈਸੀ ਸਹੋਤਾ ਨੇ ਕਿਹਾ ਕਿ ਭਾਰਤ ਦੇ ਵੱਡੇ ਗੈਂਗਸਟਰਾਂ ਵੱਲੋਂ ਕੈਨੇਡਾ ਨੂੰ ਪਨਾਹਗਾਹ ਬਣਾਉਣਾ ਮੰਦਭਾਗਾ ਹੈ, ਜਿਸ ਕਾਰਨ ਸਮੁੱਚਾ ਪੰਜਾਬੀ ਭਾਈਚਾਰਾ ਮਜ਼ਾਕ ਦਾ ਪਾਤਰ ਬਣਨ ਲੱਗਾ ਹੈ।

Learn the signs of stroke

F ace is it drooping?
A rms can you raise both?
S peech is it slurred or jumbled?
T ime to call 9-1-1 right away.

Act FAST. Lifesaving treatment begins the second you call 9-1-1.

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

F ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
A rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
S peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
T ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

# ਤਰਕਸ਼ੀਲ ਸੁਸਾਇਟੀ ਸਰੀ ਵੱਲੋਂ ਅੰਧ-ਵਿਸ਼ਵਾਸਾਂ ਵਿਰੁੱਧ ਪ੍ਰਚਾਰ ਮੁਹਿੰਮ ਤੇਜ਼ ਕਰਨ ਦਾ ਫੈਸਲਾ

ਸਰੀ: ਤਰਕਸ਼ੀਲ ਸੁਸਾਇਟੀ ਸਰੀ ਯੂਨਿਟ ਦੀ ਮੀਟਿੰਗ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਬਾਈ ਅਵਤਾਰ ਗਿੱਲ ਦੀ ਪ੍ਰਧਾਨਗੀ ਹੇਠ ਹੋਈ।

ਯੂਨਿਟ ਦੇ ਸਕੱਤਰ ਗੁਰਮੇਲ ਗਿੱਲ ਨੇ ਦੱਸਿਆ ਕਿ ਮੀਟਿੰਗ ਵਿਚ ਅੰਧ-ਵਿਸ਼ਵਾਸ਼ਾਂ ਵਿਰੁੱਧ ਸੁਸਾਇਟੀ ਦੇ ਪ੍ਰਚਾਰ ਨੂੰ ਵੱਡੀ ਪੱਧਰ 'ਤੇ ਲੋਕਾਂ ਵਿੱਚ ਲਿਜਾਣ, ਲੋਕਾਈ ਦੀ ਸੋਚ ਨੂੰ ਵਿਗਿਆਨਿਕ ਬਣਾਉਣ ਅਤੇ ਜੋਤਿਸ਼ੀਆਂ, ਤਾਂਤਰਿਕਾਂ, ਨਗ ਵੇਚਣ ਵਾਲਿਆਂ ਅਤੇ ਵਸਤੂ ਸ਼ਾਸ਼ਤਰ ਵਗੈਰਾ ਦੇ ਚੁੰਗਲ ਤੋਂ ਬਚਾਉਣ ਲਈ ਯਤਨ ਤੇਜ਼ ਕਰਨ ਦਾ ਫ਼ੈਸਲਾ ਲਿਆ ਹੈ।

ਸੁਸਾਇਟੀ ਵੱਲੋਂ 26 ਅਕਤੂਬਰ 2024 ਨੂੰ ਬੈੱਲ ਪ੍ਰੋਫਾਰਮਿੰਗ ਆਰਟ ਸੈਂਟਰ ਸਰੀ ਵਿੱਚ ਤਰਕਸ਼ੀਲ ਨਾਟਕ ਮੇਲਾ ਕਰਾਉਣ ਦਾ ਫ਼ੈਸਲਾ ਕੀਤਾ। ਇਸ ਮੇਲੇ ਵਿੱਚ ਨਾਟਕ, ਗੀਤ ਸੰਗੀਤ, ਜਾਦੂ ਦੇ ਟਰਿੱਕਾਂ ਤੋਂ ਇਲਾਵਾ ਹੋਰ ਵੀ ਰੌਚਕ ਸਮੱਗਰੀ ਪੇਸ਼ ਕੀਤੀ ਜਾਵੇਗੀ।

4 ਅਗਸਤ ਨੂੰ ਹਾਲੈਂਡ ਪਾਰਕ ਸਰੀ ਵਿਖੇ ਹੋ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਸੁਸਾਇਟੀ ਵੱਲੋਂ ਕਿਤਾਬਾਂ ਦਾ ਸਟਾਲ ਲਾਉਣ, ਅੰਧਵਿਸ਼ਵਾਸ਼ਾਂ ਖ਼ਿਲਾਫ਼ ਲੀਫਲੈਟ ਵੰਡਣ ਅਤੇ ਪਲੇਅ ਕਾਰਡਾਂ ਰਾਹੀਂ ਲੋਕਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ। ਇਸੇ ਕੜੀ ਤਹਿਤ ਸਾਗਰ ਯੂਨੀਵਰਸਿਟੀ ਤਾਮਿਲਨਾਡੂ ਦੇ ਪ੍ਰੋਫੈਸਰ ਅਤੇ ਮਸ਼ਹੂਰ ਤਰਕਸ਼ੀਲ ਰਾਜੀਵ ਗੌਤਮ ਦੇ 13 ਅਗਸਤ ਤੋਂ ਸ਼ੁਰੂ ਹੋ ਰਹੇ ਕੈਨੇਡਾ ਦੇ ਇਕ ਮਹੀਨੇ ਦੇ ਟੂਰ ਦੌਰਾਨ ਉਨ੍ਹਾਂ ਨੂੰ ਸਰੀ ਬੁਲਾ ਕੇ ਸੈਮੀਨਾਰ ਕਰਾਉਣ ਦਾ ਵੀ ਫ਼ੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਦੀ ਕੌਮੀ ਕਾਰਜਕਾਰਨੀ ਦੀ 7 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲਿਆਂ ਮੁਤਾਬਕ ਸੁਸਾਇਟੀ ਦਾ ਸੋਸ਼ਲ ਮੀਡੀਆ 'ਤੇ ਪ੍ਰਚਾਰ ਤੇਜ਼ ਕਰਨ ਅਤੇ ਲੋਕਾਂ ਦੇ ਜਨਤਕ ਮਸਲਿਆਂ ਵਿੱਚ ਵਧ ਚੜ੍ਹ ਕੇ ਅਤੇ ਆਗੂ ਰੋਲ ਨਿਭਾਉਣ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸੁਸਾਇਟੀ ਦੀ ਕੌਮੀ ਵੈਬਸਾਈਟ www.taraksheel.ca ਨੂੰ ਹੋਰ ਜਿਆਦਾ ਜਾਣਕਾਰੀ ਭਰਪੂਰ ਬਣਾਉਣ ਲਈ ਸਾਰੇ ਮੈਂਬਰਾਂ ਨੂੰ ਯੋਗਦਾਨ ਪਾਉਣ ਲਈ ਵੀ ਤਾਕੀਦ ਕੀਤੀ ਗਈ।



# ਹੁਣ 58 ਮੁਲਕਾਂ 'ਚ ਬਿਨਾਂ ਵੀਜ਼ੇ ਤੋਂ ਜਾ ਸਕਣਗੇ ਭਾਰਤੀ




ਦਿੱਲੀ: ਸਿੰਗਾਪੁਰ ਦਾ ਪਾਸਪੋਰਟ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਹੈ, ਹੁਣ ਭਾਰਤ ਦਾ ਪਾਸਪੋਰਟ ਰੈਂਕਿੰਗ ਵਿਚ ਵੀ ਵਾਧਾ ਹੋਇਆ ਹੈ। ਬ੍ਰਿਟੇਨ ਸਥਿਤ ਹੈਨਲੇ ਪਾਸਪੋਰਟ ਇੰਡੈਕਸ ਦੀ ਰੈਂਕਿੰਗ ਮੁਤਾਬਕ ਇਸ ਸੂਚੀ 'ਚ ਭਾਰਤ ਨੂੰ 82ਵਾਂ ਸਥਾਨ ਮਿਲਿਆ ਹੈ।

ਇਹ ਰੈਂਕਿੰਗ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਇਠਅ) ਦੇ ਅੰਕੜਿਆਂ 'ਤੇ ਆਧਾਰਿਤ ਹੈ। ਭਾਰਤ 2022 ਵਿੱਚ 87ਵੇਂ ਸਥਾਨ 'ਤੇ ਸੀ। ਜਦੋਂ ਕਿ 2023 ਵਿੱਚ ਭਾਰਤ ਨੂੰ 84ਵਾਂ ਸਥਾਨ ਮਿਲਿਆ ਸੀ। ਭਾਰਤੀ ਪਾਸਪੋਰਟ 'ਤੇ 58 ਦੇਸ਼ਾਂ 'ਚ ਵੀਜ਼ਾ ਫ੍ਰੀ ਐਂਟਰੀ ਹੈ ।

ਸਿੰਗਾਪੁਰ ਦੇ ਪਾਸਪੋਰਟ 'ਤੇ 195 ਦੇਸ਼ਾਂ ਲਈ ਵੀਜ਼ਾ ਮੁਫਤ ਦਾਖਲਾ ਸਿੰਗਾਪੁਰ ਪਾਸਪੋਰਟ ਵਾਲੇ ਲੋਕ 195 ਦੇਸ਼ਾਂ ਵਿਚ ਵੀਜ਼ਾ ਮੁਕਤ ਦਾਖਲ ਹੋ ਸਕਦੇ ਹਨ, ਸਿੰਗਾਪੁਰ ਪਾਸਪੋਰਟ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਹੈ।

ਦੂਜੇ ਸਥਾਨ 'ਤੇ ਫਰਾਂਸ, ਜਰਮਨੀ, ਇਟਲੀ, ਜਾਪਾਨ ਅਤੇ ਸਪੇਨ ਦੇ ਪਾਸਪੋਰਟ ਹਨ, ਜੋ ਕਿ 192 ਦੇਸ਼ਾਂ ਅਤੇ ਪ੍ਰਦੇਸ਼ਾਂ ਵਿਚ ਵੀਜ਼ਾ ਮੁਕਤ ਦਾਖਲੇ ਦੀ ਸਹੂਲਤ ਪ੍ਰਦਾਨ ਕਰਦੇ ਹਨ।

ਆਸਟਰੀਆ, ਫਿਨਲੈਂਡ, ਆਇਰਲੈਂਡ, ਲਕਸਮਬਰਗ, ਨੀਦਰਲੈਂਡ, ਦੱਖਣੀ ਕੋਰੀਆ ਅਤੇ ਸਵੀਡਨ ਤੀਜੇ ਸਥਾਨ 'ਤੇ ਹਨ। ਹਰੇਕ ਨੂੰ 191 ਦੇਸ਼ਾਂ ਤੱਕ ਵੀਜ਼ਾ-ਮੁਕਤ ਪਹੁੰਚ ਹੈ।

ਬ੍ਰਿਟੇਨ, ਬੈਲਜੀਅਮ, ਡੈਨਮਾਰਕ, ਨਿਊਜ਼ੀਲੈਂਡ, ਨਾਰਵੇ ਅਤੇ ਸਵਿਟਜ਼ਰਲੈਂਡ ਚੌਥੇ ਸਥਾਨ 'ਤੇ ਹਨ।

ਇਸ ਦੇ ਨਾਲ ਹੀ, ਅਮਰੀਕਾ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੂਚਕਾਂਕ ਵਿੱਚ ਗਿਰਾਵਟ ਜਾਰੀ ਰੱਖ ਰਿਹਾ ਹੈ।

ਇਸ ਤੋਂ ਇਲਾਵਾ ਆਸਟ੍ਰੇਲੀਆ ਛੇਵੇਂ ਅਤੇ ਅਮਰੀਕਾ ਅੱਠਵੇਂ ਸਥਾਨ 'ਤੇ ਹੈ।

ਪਾਕਿਸਤਾਨ 100ਵੇਂ ਸਥਾਨ 'ਤੇ ਹੈ। ਪਾਕਿਸਤਾਨੀ ਪਾਸਪੋਰਟ ਰਾਹੀਂ ਸਿਰਫ਼ 33 ਦੇਸ਼ਾਂ ਵਿੱਚ ਵੀਜ਼ਾ ਮੁਕਤ ਦਾਖ਼ਲਾ ਕੀਤਾ ਜਾ ਸਕਦਾ ਹੈ।


ੴ ਵਾਹਿਗੁਰੂ ਜੀ ਕੀ ਫਤਹਿ॥ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ "RECOGNIZE ALL HUMAN RACE AS ONE"
-GURU GOBIND SINGH JI

Khalsa Diwan Society
GURDWARA SAHIB SUKH SAGAR (EST. 1906)

Special General Meeting
Khalsa Diwan Society New Westminster, BC
(the "Society)

July 18, 2024

Notice is hereby given to members of Khalsa Diwan Society – New Westminster (the "Society) of a Special General Meeting of members to be held as follows:

**Date:** August 4, 2024
**Time:** 11:00am
**Location:** Sukh Sagar Gurdwara
347 Wood Street, New Westminster, BC

**WHERE AS:** The Society may from time to time, borrow money and it is the intention of the Members that the Society borrow from Vancouver City Savings Credit Union (the "Lender") and to grant security therefor.

**NOW IT BE RESOLVED THAT:**

1. The Society is going to purchase real estate property with a civic address of 353 Wood Street, New Westminster BC. Legal description of property; Lot 1, Plan BCP41395, District Lot 757, Group 1, New Westminster Land District
2. The Society needs to borrow from the Lender amount of $800,000 for the purpose of purchasing the property upon such terms and conditions as may be determined, from time to time, by the Directors of the Society
3. The Society herby grants to the Directors of the Society for a period of on year from the date of these Special Resolutions the authority to grant to the Lender such security for loans made by or to be made by the Lender to the Society as may be required from time to time by the Lender and as agreed to by the Directors.


Athwal
Harbhajan Singh Athwal
President

info@sukhsagar.ca
www.sukhsagar.ca
/gurdwarasahibsukhsagar

347 Wood Street,
New Westminster, BC
Canada V3M 5K6

Main: 604.521.3111
Office: 604.638.7380
Fax: 604.521.4936

# 2050 ਤੱਕ ਭਾਰਤ ’ਚ 34 ਕਰੋੜ ਤੋਂ ਵੱਧ ਹੋਣਗੇ ਬਜ਼ੁਰਗ



ਭਾਰਤ ਦੀ ਬਜ਼ੁਰਗ ਆਬਾਦੀ 2050 ਤੱਕ ਦੁੱਗਣੀ ਹੋਣ ਦੀ ਸੰਭਾਵਨਾ ਹੈ ਅਤੇ ਦੇਸ਼ ’ਚ ਖ਼ਾਸ ਕਰ ਕੇ ਉਨ੍ਹਾਂ ਬੁਜ਼ਰਗ ਔਰਤਾਂ ਲਈ ਸਿਹਤ ਸੇਵਾ, ਘਰ ਅਤੇ ਪੈਨਸ਼ਨ ’ਚ ਵੱਧ ਨਿਵੇਸ਼ ਕੀਤੇ ਜਾਣ ਦੀ ਲੋੜ ਹੈ, ਜਿਨ੍ਹਾਂ ਦੇ ਇਕੱਲੇ ਰਹਿਣ ਜਾਣ ਅਤੇ ਗਰੀਬੀ ਦਾ ਸਾਹਮਣਾ ਕਰਨ ਦਾ ਵੱਧ ਖ਼ਦਸ਼ਾ ਹੈ।’’

60 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 2050 ਤੱਕ ਦੁੱਗਣੀ ਹੋ ਕੇ 34 ਕਰੋੜ 60 ਲੱਖ ਹੋਣ ਦਾ ਅਨੁਮਾਨ ਹੈ, ਇਸ ਲਈ ਸਿਹਤ ਸੇਵਾ, ਰਿਹਾਇਸ਼ ਅਤੇ ਪੈਨਸ਼ਨ ਯੋਜਨਾਵਾਂ ’ਚ ਨਿਵੇਸ਼ ਵਧਾਉਣ ਦੀ ਸਖ਼ਤ ਲੋੜ ਹੈ।

ਉਨ੍ਹਾਂ ਕਿਹਾ,’’...ਖ਼ਾਸ ਕਰ ਕੇ ਬਜ਼ੁਰਗ ਔਰਤਾਂ ਲਈ ਅਜਿਹਾ ਕਰਨਾ ਜ਼ਰੂਰੀ ਹੈ, ਜਿਨ੍ਹਾਂ ਦੇ ਇਕੱਲੇ ਰਹਿਣ ਅਤੇ ਗਰੀਬੀ ਦਾ ਸਾਹਮਣਾ ਕਰਨ ਦਾ ਵੱਧ ਖ਼ਦਸ਼ਾ ਹੈ।’’ ‘ਯੂ.ਐੱਨ.ਐੱਫ.ਪੀ.ਏ.-ਇੰਡੀਆ’ ਮੁਖੀ ਨੇ ਕਿਹਾ ਕਿ ਭਾਰਤ ’ਚ ਨੌਜਵਾਨ ਆਬਾਦੀ ਕਾਫ਼ੀ ਹੈ ਅਤੇ 10 ਤੋਂ 19 ਸਾਲ ਦੀ ਉਮਰ ਦੇ 25 ਕਰੋੜ 20 ਲੱਖ ਲੋਕ ਹਨ।

ਭਾਰਤ ’ਚ 2050 ਤੱਕ 50 ਫ਼ੀਸਦੀ ਸ਼ਹਿਰੀ ਆਬਾਦੀ ਹੋਣ ਦਾ ਅਨੁਮਾਨ ਹੈ, ਇਸ ਲਈ ਝੁੱਗੀ ਬਸਤੀਆਂ ਦਾ ਵਾਧਾ, ਹਵਾ ਪ੍ਰਦੂਸ਼ਣ ਅਤੇ ਕਿਫਾਇਤੀ ਘਰ ਦਾ ਨਿਰਮਾਣ ਮਹੱਤਵਪੂਰਨ ਹੈ।’’

ਸਵਾਦਲਾ

# ਲਜ਼ੀਜ਼ ਪਕਵਾਨ ਸੂਜੀ ਵੜਾ



**ਸਮੱਗਰੀ:**

- 2 ਕੱਪ ਪਾਣੀ
- ਚਮਚ ਲੂਣ 1 ਚਮਚ ਤੇਲ
- 1 ਕੱਪ ਰਵਾ / ਸੂਜੀ / ਸੂਜੀ (ਬਰੀਕ) 1 ਚਮਚ ਜ਼ੀਰਾ
- ਚਮਚ ਕਾਲੀ ਮਿਰਚ (ਕੁਚਲੀ ਹੋਈ) ਕੁਝ ਕਰੀ ਪੱਤੇ (ਕੱਟੇ ਹੋਏ)
- 2 ਮਿਰਚਾਂ (ਬਾਰੀਕ ਕੱਟੀਆਂ ਹੋਈਆਂ)
- 2 ਚਮਚ ਧਨੀਆ (ਬਾਰੀਕ ਕੱਟਿਆ ਹੋਇਆ)

2 ਚਮਚ ਨਿੰਬੂ ਦਾ ਰਸ ਤੇਲ (ਤਲਣ ਲਈ)

**ਵਿਧੀ:**

ਸਭ ਤੋਂ ਪਹਿਲਾਂ, ਇੱਕ ਵੱਡੀ ਕੜਾਹੀ ਵਿਚ 2 ਕੱਪ ਪਾਣੀ, ਚਮਚ ਨਮਕ ਅਤੇ 1 ਚਮਚ ਤੇਲ ਲਓ। ਚੰਗੀ ਤਰ੍ਹਾਂ ਮਿਲਾਓ ਅਤੇ ਉਬਾਲੋ। ਪਾਣੀ ਦੇ ਉਬਲਣ ਤੋਂ ਬਾਅਦ, ਲਗਾਤਾਰ ਹਿਲਾਉਂਦੇ ਹੋਏ ਇੱਕ ਕੱਪ ਰਵਾ ਪਾਓ। ਰਵਾ ਪਾਣੀ ਨੂੰ ਸੋਖ ਲੈਣ ਤੱਕ ਹਿਲਾਉਂਦੇ ਰਹੋ। ਢੱਕ ਕੇ 2 ਮਿੰਟ ਜਾਂ ਰਵਾ ਚੰਗੀ ਤਰ੍ਹਾਂ ਪੱਕ ਜਾਣ ਤੱਕ ਉਬਾਲੋ। ਪਕਾਏ ਹੋਏ ਰਵੇ ਨੂੰ ਇੱਕ ਵੱਡੇ ਕਟੋਰੇ ਵਿਚ ਟ੍ਰਾਂਸਫਰ ਕਰੋ। ਨਾਲ ਹੀ ਇੱਕ ਚਮਚ ਜ਼ੀਰਾ, ਚਮਚ ਕਾਲੀ ਮਿਰਚ, ਕੁਝ ਕੜੀ ਪੱਤੇ, 2 ਮਿਰਚ, 2 ਚਮਚ ਧਨੀਆ ਤੇ 2 ਚਮਚ ਨਿੰਬੂ ਦਾ ਰਸ ਵੀ ਪਾਓ। ਚੰਗੀ ਤਰ੍ਹਾਂ ਮਿਲਾਓ ਕਿ ਸਭ ਕੁਝ ਚੰਗੀ ਤਰ੍ਹਾਂ ਮਿਲਾਇਆ ਗਿਆ ਹੈ। ਹੁਣ ਆਪਣੇ ਹੱਥਾਂ ਨੂੰ ਤੇਲ ਨਾਲ ਗਰੀਸ ਕਰੋ। ਇਸ ਤੋਂ ਬਾਅਦ ਇਸ ਨੂੰ ਰੋਲ ਆਊਟ ਕਰੋ ਅਤੇ ਇਸ ਨੂੰ ਥੋੜ੍ਹਾ ਜਿਹਾ ਸਮਤਲ ਕਰੋ, ਇਸ ਦੇ ਵਿਚਕਾਰ ਇੱਕ ਮੋਰੀ ਵੀ ਕਰੋ। ਉਪਰੰਤ ਮੱਧਮ ਅੱਗ ’ਤੇ ਗਰਮ ਤੇਲ ’ਚ ਤਲ ਲਓ। ਰੁਕ-ਰੁਕ ਕੇ ਹਿਲਾਓ, ਜਦੋਂ ਤੱਕ ਵੜਾ ਸੁਨਹਿਰੀ ਭੂਰਾ ਅਤੇ ਕਰਿਸਪੀ ਨਾ ਹੋ ਜਾਵੇ। ਵਾਧੂ ਤੇਲ ਨੂੰ ਹਟਾਉਣ ਲਈ ਨਿਚੋੜੋ। ਅੰਤ ਵਿਚ, ਟਮਾਟਰ ਦੀ ਚਟਨੀ ਜਾਂ ਚਟਨੀ ਦੇ ਨਾਲ ਰਵਾ ਵੜੇ ਦਾ ਅਨੰਦ ਲਓ।

# ਇੰਞ ਵੀ ਹੁੰਦੈ

## ‘ਸੰਤਰੀ’ ਹੋ ਗਈਆਂ ਅਲਾਸਕਾ ਦੀਆਂ ਨਦੀਆਂ



ਆਰਕਟਿਕ ਵਿਚ ਪਰਮਾਫਾਸਟ ਪਿਘਲਣ ਕਾਰਨ, ਅਮਰੀਕਾ ਦੇ ਅਲਾਸਕਾ ਸੂਬੇ ਵਿਚ ਨਦੀਆਂ ਅਤੇ ਤਲਾਬ ਸਾਫ਼ ਨੀਲੇ ਤੋਂ ਸੰਤਰੀ (ਨਾਰੰਗ) ਰੰਗ ਵਿਚ ਬਦਲ ਗਏ ਹਨ। ਵਿਗਿਆਨੀਆਂ ਦੇ ਅਨੁਸਾਰ, ਜਲਵਾਯੂ ਤਬਦੀਲੀ ਕਾਰਨ ਆਰਕਟਿਕ ਵਿਚ ਪਰਮਾਸਟ ਪਿਘਲ ਗਿਆ ਹੈ, ਜਿਸ ਕਾਰਨ ਹਜ਼ਾਰਾਂ ਸਾਲਾਂ ਤੋਂ ਪਰਮਾਫਾਸਟ ਦੇ ਅੰਦਰ ਮੌਜੂਦ ਜ਼ਹਿਰੀਲੀਆਂ ਧਾਤਾਂ ਪਾਣੀ ਦੇ ਝਰਨਿਆਂ ਵਿਚ ਚਲੀਆਂ ਗਈਆਂ ਹਨ। ਇਹ ਪਾਣੀ ਦੇ ਝਰਨੇ ਤਾਂਬਾ, ਲੋਹਾ, ਲੀਡ ਅਤੇ ਜ਼ਿੰਕ ਵਰਗੀਆਂ ਧਾਤਾਂ ਦੇ ਸੰਪਰਕ ਵਿਚ ਹਨ, ਜਿਸ ਕਾਰਨ ਉਨ੍ਹਾਂ ਦਾ ਰੰਗ ਖਰਾਬ ਹੋ ਗਿਆ ਹੈ ਤੇ ਉਹ ਐਸਿਡਿਕ ਹੋ ਗਏ ਹਨ। ਵਿਗਿਆਨੀਆਂ ਨੂੰ ਡਰ ਹੈ ਕਿ ਇਨ੍ਹਾਂ ਵਿਚੋਂ ਕੁਝ ਧਾਤਾਂ ਦੀ ਜ਼ਹਿਰੀਲੇਪਨ ਖੇਤਰ ਵਿਚ ਵਾਤਾਵਰਣ, ਮੱਛੀ ਫੜਨ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

# EVENTS

**South Asian Adults & Seniors - New Game for Senior Members - Ladder Toss Balls ( Bolas) Game,**
**New Game at Shanti Niketan hall on May 5th 2024 (Sunday) from 2,00 pm to 3.30 pm.**

**High Lighted Event in May 2024, Vedic Seniors Parivar Centre of Vedic Hindu Cultural Society of BC, is going to celebrate Mother's Day & Group Birthday of Senior Members on May 13th 2024 (Monday) from 10.00 am to 1.00 pm at Shanti Niketan hall of Lakshmi Narayan Mandir Surrey BC. Group Birthday of Senior Members, born between 27th December to 13th May will be celebrated. The new members are requested to inform the Coordinator about their Date of birth for records. There will be no Yoga session on May 13th 2024 (Monday) to carry on celebration.**

**Vedic Seniors Parivar Centre of Vedic Hindu Cultural Society of BC invites South Asian Adults & Senior members to practice the New Game which we have purchased, Ladder Toss Balls ( Bolas ) Game. This game is designed to engage Seniors in activities of sports and the exercise. Two Ladders & 6 Balls ( Bolas 3 Blue & 3 Red ) are easy to throw & tricky to aim the Tossing makes a challenge that turns outdoor gathering or inside gathering an excitement. Two Ladders are placed at a distance of 15 feet facing one another. The players take turns Tossing Balls (Bolas ) at the Ladders, attempting to loop them around the Ladder Rungs. 3 points for looping the Top Ladder Rung, 2 points for looping the middle Ladder Rung and 1 point for looping the bottom Ladder Rung. The player who scores the maximum ( 21 Points ) in 3 Tossing's, is a winner and will be given a treat. The game will start on May 5th 2024 (Sunday) from 2.00 pm to 3.30 pm at Shanti Niketan hall of Lakshmi Narayan Temple 8321 - 140th street Surrey V3W 5K9 BC. Some of the seniors can engage themselves with Playing Cards for keeping the brain active & healthy. Tea and light snacks will be served to members after the game is over. Please keep social distance to protect yourself and others.**

**In Person Yoga Classes will continue for members only at Shanti Niketan hall every Monday and every Thursday by expert Yoga Instructor Mr. Ashwani Bansal from 10.00 am to 11.30 am both the days and will also help to make sure all seniors are doing correct Yoga. All members should place the yoga mat, to keep the social distance from other members. Please remember Pure vegetarian Lunch is being served in the dining hall of the Temple to all seniors every Thursday at around 11.30 am after the yoga class. Project funded by Government of Canada's New Horizons for Seniors Program for Hindi speaking seniors. Please contact Surendra Handa Coordinator Vedic Seniors Parivar Centre Lakshmi Narayan Temple 8321 - 140th street Surrey BC, and also Coordinator APNI South Asian Community Response Networks Surrey BC, Tel. 604 - 507 - 9945 for registration and further details.**

SURREY DENTAL CARE

604-200-3993

*Open Monday to Friday 10- 6 pm*

# We'll Take Care Of Your Teeth



**General**
- Exams/Cleaning
- Dental Sealants
- Root Canals
- Crowns/Caps
- Duentures
- Gum Disease

**Cosmetic**
- Teeth Whitening
- Veneers
- Smile Design

**Surgical**
- Wisdom Teeth
- Implants

**High-Tech Exam**
- Dignodent
- Digital X-Rays
- Intra-Oral Camera

**206 - 15230 56 Ave (HWY 10) V3S 5K7**

**info@surreydentalcare.ca**



# ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਨੂੰ ਰੋਕਣ ਵਿਚ ਅਸਮਰੱਥ ਰਹੀ ਮਾਨ ਸਰਕਾਰ

**ਜਲੰਧਰ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਲੋਂ ਹਰ ਵਰਗ ਨੂੰ ਵੱਡੇ-ਵੱਡੇ ਸੁਫ਼ਨੇ ਦਿਖਾਏ ਗਏ ਸਨ, ਪਰ ਸਭ ਤੋਂ ਵੱਧ ਸੁਫ਼ਨੇ ਨੌਜਵਾਨ ਵਰਗ ਨੂੰ ਦਿਖਾਏ ਗਏ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਲੋਕਾਂ ਨੂੰ ਕੰਮ ਕਰਨ ਲਈ ਵਿਦੇਸ਼ ਨਹੀਂ ਜਾਣਾ ਪਵੇਗਾ ਸਗੋਂ ਪੰਜਾਬ ਵਿਚ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾਵੇਗਾ ਕਿ ਪੰਜਾਬ ਵਿਚ ਦੂਜੇ ਦੇਸ਼ਾਂ ਤੋਂ ਲੋਕ ਕੰਮ ਕਰਨ ਲਈ ਆਉਣਗੇ। 'ਆਪ' ਸਰਕਾਰ ਦੇ ਕਾਰਜਕਾਲ ਨੂੰ ਢਾਈ ਸਾਲ ਦੇ ਲਗਪਗ ਸਮਾਂ ਹੋ ਗਿਆ ਹੈ ਤੇ ਅਜੇ ਤੱਕ ਵਿਦੇਸ਼ਾਂ ਤੋਂ ਲੋਕ ਪੰਜਾਬ ਵਿਚ ਕੰਮ ਕਰਨ ਲਈ ਤਾਂ ਨਹੀਂ ਆਏ ਸਗੋਂ 'ਆਪ' ਸਰਕਾਰ ਦੇ ਇਸ ਕਾਰਜਕਾਲ ਵਿਚ ਇਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ ਕਿ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਲੋਕਾਂ ਦੀ ਗਿਣਤੀ ਵਿਚ ਹੋਰ ਵੀ ਵਾਧਾ ਹੋ ਰਿਹਾ ਹੈ। ਸਾਲ 2023 ਵਿਚ ਹੀ ਪੰਜਾਬ ਵਿਚ 12 ਲੱਖ ਦੇ ਕਰੀਬ ਪਾਸਪੋਰਟ ਬਣ ਚੁੱਕੇ ਹਨ ਜਦਕਿ ਇਸ ਤੋਂ ਬਾਅਦ ਵੀ ਪਾਸਪੋਰਟ ਬਣਨ ਦੀ ਗਿਣਤੀ ਵਿਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆ ਰਹੀ ਹੈ ਤੇ ਹਰਿਆਣਾ ਵਿਚ ਪੰਜਾਬ ਦੇ ਮੁਕਾਬਲੇ ਅੱਧੀ ਗਿਣਤੀ ਵਿਚ ਹੀ ਪਾਸਪੋਰਟ ਬਣ ਰਹੇ ਹਨ ਤੇ ਚੇਤੇ ਰਹੇ ਕਿ ਹਰਿਆਣਾ ਤਰੱਕੀ ਵਜੋਂ ਪੰਜਾਬ ਤੋਂ ਕਿਧਰੇ ਜ਼ਿਆਦਾ ਅੱਗੇ ਨਿਕਲ ਗਿਆ ਹੈ।

ਪਾਸਪੋਰਟ ਦਫ਼ਤਰਾਂ ਤੇ ਸੇਵਾ ਕੇਂਦਰ ਵਿਚ ਪਾਸਪੋਰਟ ਅਪਲਾਈ ਕਰਨ ਵਾਲਿਆਂ ਦੀ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੀ ਹੈ ਜਿਸ ਦਾ ਵਿਦੇਸ਼ ਜਾ ਕੇ ਕੰਮ ਕਰਨ ਦਾ ਰੁਝਾਨ ਨਹੀਂ ਘਟਿਆ ਹੈ। ਨੌਜਵਾਨਾਂ ਦੇ ਵਿਦੇਸ਼ ਜਾਣ ਦੀ ਲਗਾਤਾਰ ਵੱਧ ਰਹੀ ਮਜਬੂਰੀ ਕਈ ਕਾਰਨਾਂ ਕਰਕੇ ਹੈ। ਲੋਕਾਂ ਦਾ ਵਿਦੇਸ਼ ਜਾ ਕੰਮ ਕਰਨ ਦਾ ਰੁਝਾਨ ਤਾਂ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਵਿਚ ਵੀ ਚੱਲਦਾ ਰਿਹਾ ਹੈ ਪਰ ਆਮ ਆਦਮੀ ਪਾਰਟੀ ਵਲੋਂ ਸੱਤਾ ਵਿਚ ਆਉਣ ਤੋਂ ਪਹਿਲਾਂ ਸਰਕਾਰ ਬਣਨ 'ਤੇ ਨਸ਼ਾ ਕੁੱਝ ਹਫ਼ਤਿਆਂ ਵਿਚ ਖ਼ਤਮ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਨਸ਼ੇ ਤਾਂ ਖ਼ਤਮ ਨਹੀਂ ਹੋਏ ਪਰ ਅਜੇ ਵੀ ਪੰਜਾਬ ਦੇ ਅਨੇਕਾਂ ਨੌਜਵਾਨਾਂ ਵਲੋਂ ਨਸ਼ਿਆਂ ਕਰਕੇ ਆਪਣੀਆਂ ਜਾਨਾਂ ਗੁਆਉਣ ਦੇ ਮਾਮਲੇ ਸੁਰਖੀਆਂ ਬਣ ਰਹੇ ਹਨ। ਢਾਈ ਸਾਲ ਵਿਚ ਪੰਜਾਬ ਵਿਚ ਗੈਂਗਸਟਰਵਾਦ ਲਗਾਤਾਰ ਵਧ ਰਿਹਾ ਹੈ।

ਮਾਪੇ ਲਗਾਤਾਰ ਵਧ ਰਹੇ ਨਸ਼ਿਆਂ, ਗੈਂਗਸਟਰ ਵਾਦ ਭਾਰੂ ਹੋਣ ਅਤੇ ਪੰਜਾਬ ਵਿਚ ਨੌਕਰੀਆਂ ਨਾ ਹੋਣ ਕਰਨ ਕੇ ਹੀ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਨਾਲ ਆਪਣੇ ਬੱਚਿਆਂ ਨੂੰ ਵਿਦੇਸ਼ ਭਿਜਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। ਨੌਜਵਾਨ ਵਰਗ ਤਾਂ ਵੱਡੀ ਗਿਣਤੀ ਵਿਚ ਨਾ ਸਿਰਫ਼ ਵਿਦੇਸ਼ ਜਾ ਰਿਹਾ ਹੈ ਸਗੋਂ ਉਸ ਦੇ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਾਲਾ ਅਰਬਾਂ ਰੁਪਏ ਵੀ ਉਸ ਦੇ ਨਾਲ ਵਿਦੇਸ਼ ਜਾ ਰਹੇ ਹਨ। ਪੰਜਾਬ ਵਿਚ ਕੰਮਕਾਜ, ਨੌਕਰੀਆਂ ਨਾ ਹੋਣ ਕਰੇ ਬੇਰੁਜ਼ਗਾਰ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ ਜਾ ਰਹੇ ਹਨ ਸਗੋਂ ਕਈ ਚੰਗੇ ਕਾਰੋਬਾਰੀ ਜਾਂ ਫ਼ੈਕਟਰੀਆਂ ਚਲਾਉਣ ਵਾਲੇ ਲੋਕ ਵੀ ਪਰਿਵਾਰ ਸਮੇਤ ਵਿਦੇਸ਼ਾਂ ਨੂੰ ਉਡਾਰੀ ਮਾਰ ਰਹੇ ਹਨ ਤੇ ਇਸ ਦਾ ਵੱਡਾ ਕਾਰਨ ਇਹ ਹੈ ਕਿ 'ਆਪ' ਸਰਕਾਰ ਦੇ ਢਾਈ ਸਾਲ ਦੇ ਕਾਰਜਕਾਲ ਨੂੰ ਉਹ ਅਣਸੁਰੱਖਿਅਤ ਸਮਝ ਰਹੇ ਹਨ। ਮੌਜੂਦਾ ਮਾਹੌਲ ਵਿਚ ਕਾਰੋਬਾਰੀਆਂ ਨੂੰ ਫਿਰੌਤੀਆਂ ਮੰਗਣ ਦੇ ਮਾਮਲੇ ਵੀ ਲਗਾਤਾਰ ਸਾਹਮਣੇ ਆਉਂਦੇ ਰਹੇ ਹਨ ਜਿਸ ਨੇ ਕਾਰੋਬਾਰੀਆਂ ਦੇ ਪ੍ਰਵਾਸ ਵਿਚ ਵਾਧਾ ਕੀਤਾ ਹੈ।




# ਬਾਂਝਪਨ ਦੇ ਇਲਾਜ ’ਚ ਆਈਵੀਐਫ ਤਕਨੀਕ ਦੀ ਭੂਮਿਕਾ

ਬਾਂਝਪਨ ਅਤੇ ਪ੍ਰਜਣਨ ਦਵਾਈਆਂ ਦੇ ਖੇਤਰ ਵਿਚ ਭਰੂਣ ਵਿਗਿਆਨੀਆਂ ਦੇ ਯੋਗਦਾਨ ਨੂੰ ਮਾਨਤਾ ਅਤੇ ਸਨਮਾਨ ਦੇਣ ਲਈ ਹਰ ਸਾਲ 25 ਜੁਲਾਈ ਨੂੰ ਵਿਸ਼ਵ ਭਰੂਣ ਵਿਗਿਆਨੀ (ਐਬਰੀਓਲੌਜਿਸਟ) ਦਿਵਸ ਮਨਾਇਆ ਜਾਂਦਾ ਹੈ। ਹਾਲਾਂਕਿ ਇਸ ਦਿਨ ਨੂੰ ਕਈ ਵਾਰ ਵਿਸ਼ਵ ਆਈਵੀਐੱਫ ਦਿਵਸ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਦਿਵਸ ਇਸ ਲਈ ਮਨਾਇਆ ਜਾਂਦਾ ਹੈ ਕਿਉਂਕਿ ਡਾ. ਰਾਬਰਟ ਜਿਓਫਰੀ ਐਡਵਰਡਸ, ਡਾ. ਪੈਟਰਿਕ ਕ੍ਰਿਸਟੋਫਰ ਦੀ ਮਿਹਨਤ ਤੇ ਸਮਰਪਣ ਦੇ ਨਤੀਜੇ ਵਜੋਂ ਸੰਨ 1978 ਵਿਚ ਇਤਿਹਾਸ ਦੇ ਪਹਿਲੇ ਟੈਸਟ ਟਿਊਬ ਬੇਬੀ ਲੁਈਸ ਬ੍ਰਾਊਨ ਦਾ ਜਨਮ ਹੋਇਆ ਸੀ। ਡਾ. ਐਡਵਰਡਸ ਨੂੰ ਆਈਵੀਐੱਫ ਦੀ ਖੋਜ ਲਈ 2010 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਦਿਨ ਸਿਹਤ ਸੇਵਾਵਾਂ ਦੇ ਖੇਤਰ ਨਾਲ ਜੁੜੇ ਲੋਕ ਬਾਂਝਪਨ ਤੇ ਪ੍ਰਜਣਨ ਨਾਲ ਸਬੰਧਤ ਨਵੀਆਂ ਤਕਨੀਕਾਂ ‘ਤੇ ਆਪਣੇ ਗਿਆਨ ਨੂੰ ਵਧਾਉਣ ਲਈ ਇਸ ਦਿਨ ਕਈ ਤਰ੍ਹਾਂ ਦੇ ਪ੍ਰੋਗਰਾਮ ਵੀ ਕਰਦੇ ਹਨ। ਵਿਸ਼ਵ ਭਰੂਣ ਵਿਗਿਆਨੀ ਦਿਵਸ ਹਰ ਸਾਲ ਇਕ ਵਿਸ਼ੇਸ਼ ਵਿਸ਼ੇ ਨਾਲ ਇਸ ਲਈ ਮਨਾਇਆ ਜਾਂਦਾ ਹੈ ਤਾਂ ਕਿ ਲੋਕਾਂ ਨੂੰ ਪ੍ਰਜਣਨ ਦਵਾਈਆਂ ਵਿਚ ਨਵੀਨਤਮ ਵਿਗਿਆਨਕ ਵਿਕਾਸ ਬਾਰੇ ਜਾਣੂ ਕਰਵਾਇਆ ਜਾ ਸਕੇ।

ਬਾਂਝਪਨ ਬਾਰੇ ਗੱਲਬਾਤਾਂ ਕੀਤੀਆਂ ਜਾਣ ਅਤੇ ਇਲਾਜ ਤੇ ਰੋਕਥਾਮ ਦੇ ਬਦਲਾਂ ਦੇ ਗਿਆਨ ਨੂੰ ਵਧਾਇਆ ਜਾਵੇ।

ਜੀਵਨਸ਼ੈਲੀ ‘ਚ ਬਦਲਾਅ ਨਾਲ ਬਾਂਝਪਨ ਦੇ ਵਧੇ ਮਾਮਲੇ:

ਬੱਚੇ ਪੈਦਾ ਕਰਨ ਦੀ ਉਮਰ ਦੇ ਛੇ ਵਿਅਕਤੀਆਂ ਵਿੱਚੋਂ ਲਗਪਗ ਇਕ ਪੁਰਸ਼ ਤੇ ਇਕ ਔਰਤ ਬਾਂਝ ਹਨ। ਪਿਛਲੇ ਕੁਝ ਸਮੇਂ ਵਿਚ ਸਾਡੀ ਜੀਵਨਸ਼ੈਲੀ ‘ਚ ਤੇਜ਼ੀ ਨਾਲ ਬਦਲਾਅ ਆਏ ਹਨ। ਅਜਿਹੇ ‘ਚ ਬਾਂਝਪਨ ਦੇ ਮਾਮਲੇ ਵੀ ਤੇਜ਼ੀ ਨਾਲ ਵਧੇ ਹਨ। ਇਸ ਪਿੱਛੇ ਬਹੁਤ ਕਾਰਨ ਹਨ, ਇਨ੍ਹਾਂ ਦੇ ਵਿਸਥਾਰ ਵਿਚ ਨਹੀਂ ਜਾਂਦੇ। ਅਜਿਹੇ ਵਿਚ ਸਭ ਤੋਂ ਪਹਿਲਾਂ ਚੰਗੀ ਤਰ੍ਹਾਂ ਸਮਝਣਾ ਹੋਵੇਗਾ ਕਿ ਬਾਂਝਪਨ ਦਾ ਇਲਾਜ ਕੀ ਹੈ ਅਤੇ ਇਸ ਲਈ ਕੀ ਕਰਨਾ ਹੋਵੇਗਾ। ਬਾਂਝਪਨ ਦੇ ਇਲਾਜ ਵਿਚ ਆਈਯੂਆਈ, ਆਈਵੀਐੱਫ ਜਾਂ ਆਈਸੀਐੱਸਆਈ ਵਰਗੀਆਂ ਤਕਨੀਕਾਂ ਸ਼ਾਮਲ ਹਨ।



ਇਹ ਜੋੜੇ ਦੀ ਉਪਜਾਊ ਸ਼ਕਤੀ ਦੇ ਵਿਕਾਸ ’ਤੇ ਨਿਰਭਰ ਕਰਦਾ ਹੈ ਕਿ ਕਿਹੜੀ ਵਿਧੀ ਅਪਣਾਈ ਜਾਵੇਗੀ। ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਜੋੜੇ ਨੂੰ ਇਸ ਦੇ ਫ਼ਾਇਦਿਆਂ ਤੇ ਨੁਕਸਾਨਾਂ ਬਾਰੇ ਚਰਚਾ ਕਰਨੀ ਚਾਹੀਦੀ ਹੈ। ਸਕਾਰਾਤਮਿਕ ਸੋਚ ਸਫਲਤਾ ਪ੍ਰਾਪਤ ਕਰਨ ਤੇ ਧਾਰਨਾ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਉਂਦੀ ਹੈ। ਬਾਂਝਪਨ ਦੇ ਬਹੁਤ ਸਾਰੇ ਇਲਾਜਾਂ ਵਿੱਚੋਂ ਆਈਵੀਐੱਫ ਨੂੰ ਕਾਫ਼ੀ ਬਿਹਤਰ ਮੰਨਿਆ ਜਾਂਦਾ ਹੈ। ਆਈਵੀਐੱਫ ਦੀ ਚੋਣ ਕਰਨ ਵਾਲੇ ਜੋੜਿਆਂ ਦੀ ਗਿਣਤੀ ਵੀ ਤੇਜ਼ੀ ਨਾਲ ਵਧੀ ਹੈ। ਹਾਲਾਂਕਿ ਕਈ ਕਾਰਨਾਂ ਕਰਕੇ ਬਹੁਤ ਸਾਰੇ ਜੋੜੇ ਇਸ ਬਦਲ ਨੂੰ ਚੁਣਨ ਤੋਂ ਪਰਹੇਜ਼ ਕਰਦੇ ਹਨ।

ਭਰੂਣ ਵਿਗਿਆਨੀ ਨਿਭਾਉਂਦੇ ਹਨ ਅਹਿਮ ਰੋਲ

ਔਰਤ ਜਦੋਂ ਤੱਕ ਮਾਂ ਨਹੀਂ ਬਣ ਜਾਂਦੀ ਤਾਂ ਉਸ ਨੂੰ ਆਪਣੀ ਜ਼ਿੰਦਗੀ ਅਧੂਰੀ ਲੱਗਦੀ ਹੈ। ਇਸ ਕਾਰਨ ਉਸ ਨੂੰ ਬਹੁਤ ਸਾਰੀਆਂ ਮੁਸ਼ਕਲਾਂ ‘ਚੋਂ ਵੀ ਲੰਘਣਾ ਪੈਂਦਾ ਹੈ। ਦੁਨੀਆ ਦੀ ਕਿਸੇ ਵੀ ਔਰਤ ਲਈ ਗਰਭਵਤੀ ਹੋਣਾ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਨਾਲ ਹੀ ਬੱਚੇ ਨੂੰ ਜਨਮ ਦੇਣਾ ਔਰਤ ਲਈ ਸੰਪੂਰਨਤਾ ਦੀ ਭਾਵਨਾ ਹੁੰਦੀ ਹੈ।

ਜਦੋਂ ਔਰਤ ਤੇ ਮਰਦ ਸਧਾਰਨ ਤਰੀਕੇ ਨਾਲ ਬੱਚਾ ਨਹੀਂ ਕਰ ਪਾਉਂਦੇ ਤਾਂ ਦੁਨੀਆ ਦੇ ਨਾਲ-ਨਾਲ ਪੰਜਾਬ ਵਿਚ ਵੀ ਆਈਵੀਐੱਫ ਤਕਨੀਕ ਨੇ ਇਸ ਨਿਰਾਸ਼ਤਾ ਨੂੰ ਖ਼ਤਮ ਕਰ ਦਿੱਤਾ ਹੈ। ਇਸ ਨਾਲ ਜੋੜੇ ਆਪਣੇ ਮਾਂ-ਬਾਪ ਬਣਨ ਦੇ ਸੁਪਨੇ ਨੂੰ ਸੱਚ ਕਰ ਕੇ ਵਿਖਾ ਰਹੇ ਹਨ ਅਤੇ ਇਸ ਵਿਚ ਅਹਿਮ ਰੋਲ ਨਿਭਾਉਂਦੇ ਹਨ ਭਰੂਣ ਵਿਗਿਆਨੀ। ਬੱਚਾ ਪੈਦਾ ਕਰਨ ਦੀ ਸ਼ਕਤੀ ਦਾ ਮੁਲਾਂਕਣ ਕਰਕੇ ਤੇ ਸ਼ੁਕਰਾਣੂ, ਆਂਡੇ ਅਤੇ ਭਰੂਣਾਂ ਦੀ ਖੋਜ ਕਰ ਕੇ ਭਰੂਣ ਵਿਗਿਆਨੀ ਇਸ ਮੁੱਦੇ ਨੂੰ ਹੱਲ ਕਰਨ ਲਈ ਜ਼ਰੂਰੀ ਹਨ। ਉਨ੍ਹਾਂ ਦਾ ਕੰਮ ਆਈਵੀਐੱਫ ਪ੍ਰਕਿਰਿਆ ਲਈ ਬਹੁਤ ਅਹਿਮ ਹੈ।

ਵਿਸ਼ਵ ਭਰਣ ਵਿਗਿਆਨ ਦਿਵਸ ’ਤੇ ਉਨ੍ਹਾਂ ਦੇ ਕੰਮ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਈਵੀਐੱਫ ਪ੍ਰਕਿਰਿਆਵਾਂ ਦੌਰਾਨ ਆਂਡੇ ਇਕੱਠੇ ਕਰਨੇ, ਉਨ੍ਹਾਂ ਨੂੰ ਪ੍ਰਯੋਗਸ਼ਾਲਾ ਵਿਚ ਸ਼ੁਕਰਾਣੂ ਨਾਲ ਮਿਲਾਉਣਾ ਅਤੇ ਭਰੂਣ ਦੇ ਵਿਕਾਸ ਦਾ ਨਿਰੀਖਣ ਕਰਨਾ ਉਨ੍ਹਾਂ ਦੇ ਮੁੱਖ ਕੰਮਾਂ ਵਿੱਚੋਂ ਕੁਝ ਕੰਮ ਹਨ। ਇਸ ਦੇ ਨਾਲ ਹੀ ਭਰੂਣ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਆਦਰਸ਼ ਇਨਕਿਊਬੇਟਰ ਸਥਿਤੀਆਂ ਨੂੰ ਬਣਾਈ ਘਟਾ, ਛਾਣ ਦਾ ਮੁਲਾਂਕਣ ਤੋਂ ਚੋਣ ਕਰਨੀ। ਗੁਣਵੱਤਾ ਦਾ ਮੁਲਾਂਕਣ ਕਰ ਕੇ ਅਤੇ ਮਾਹਿਰਾਂ ਨਾਲ ਕੰਮ ਕਰਦਿਆਂ ਪਤਾ ਲਗਾਉਣਾ ਕਿ ਕਿਹੜੇ ਭਰੂਣ ਟ੍ਰਾਂਸਫਰ ਜਾਂ ਡਾਇਓਪ੍ਰੀਜਰਵੇਸ਼ਨ ਲਈ ਅਨੁਕੂਲ ਹਨ। ਵਾਧੂ ਭਰੂਣਾਂ ਨੂੰ ਫ੍ਰੀਜ਼ ਕਰਨ ਤੇ ਸਟੋਰ ਕਰਦੇ ਸਮੇਂ ਸਹੀ ਹੈਂਡਲਿੰਗ ਤੇ ਦਸਤਾਵੇਜ਼ਾਂ ਨੂੰ ਬਣਾਈ ਰੱਖਣਾ ਵੀ ਸਾਰੇ ਕੰਮ ਦਾ ਹਿੱਸਾ ਹੈ। ਧਿਆਨ ਨਾਲ ਚੁਣੇ ਗਏ ਤਰੂਣਾਂ ਨੂੰ ਬੱਚੇਦਾਨੀ ਵਿਚ ਟਰਾਂਸਫਰ ਕਰਨਾ ਬਹੁਤ ਮਾਅਨੇ ਰੱਖਦਾ ਹੈ। ਭਰੂਣ ਵਿਗਿਆਨੀ ਗਰਭ ਧਾਰਨ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਅਤੇ ਜੈਨੇਟਿਕ ਵਿਕਾਰ ਦੇ ਖ਼ਤਰਿਆਂ ਨੂੰ ਘਟਾਉਣ ਲਈ ਆਧੁਨਿਕ ਪ੍ਰਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਸਫਲਤਾ ਵੱਲ ਨੂੰ ਕਦਮ ਵਧਾਉਂਦੇ ਹਨ। ਇਹ ਸਾਰਾ ਕੁਝ ਬਹੁਤ ਹੀ ਮਿਹਨਤ ਭਰਿਆ ਕੰਮ ਹੈ, ਜਿਸ ਨਾਲ ਇਕ ਘਰ ਵਿਚ ਕਿਲਕਾਰੀਆਂ ਗੂੰਜਦੀਆਂ ਹਨ। ਇਕ ਭਰੂਣ ਵਿਗਿਆਨੀ ਦੀ ਮਦਦ ਨਾਲ ਜਦੋਂ ਘਰ ਵਿਚ ਬੱਚੇ ਦੀ ਆਮਦ ਹੁੰਦੀ ਹੈ ਤਾਂ ਪਰਿਵਾਰ ਮੁਕੰਮਲ ਹੋ ਜਾਂਦਾ ਹੈ। ਫਿਰ ਉਹੀ ਬੱਚਾ ਸਾਰੇ ਪਰਿਵਾਰ ਨੂੰ ਆਪਸ ਵਿਚ ਜੋੜਨ ਦਾ ਭਾਗੀਦਾਰ ਬਣਦਾ ਹੈ। ਅਜਿਹੇ ਵਿਚ ਇਸ ਤਕਨੀਕ ਦੀ ਵਰਤੋਂ ਕਰ ਕੇ ਖੁਸ਼ੀਆਂ-ਖੇੜੇ ਵੰਡਣ ਵਾਲੇ ਐਬਓਲਟਿਸਟਾਂ ਲਈ ਸਲਾਮ ਤਾਂ ਬਣਦਾ ਹੀ ਹੈ।

**ਡਾ. ਯੋਗੇਸ਼ਵਰ ਸੂਦ**


ਆਪਣੇ ਦੰਦਾਂ ਨੂੰ ਬੁਰਸ਼ ਕਰਦੇ ਸਮੇਂ ਟੂਟੀ ਨੂੰ ਬੰਦ ਕਰਨ ਨਾਲ

ਇੱਕ ਸਾਲ ਵਿੱਚ 8,300 ਲੀਟਰ ਤੱਕ ਦੀ ਬਚਤ ਹੁੰਦੀ ਹੈ।*



ਇੱਕ ਛੋਟੀ ਤਬਦੀਲੀ। ਇੱਕ ਵੱਡਾ ਫ਼ਰਕ।

ਜਦੋਂ ਅਸੀਂ ਰਲ ਕੇ ਅਜਿਹਾ ਕਰਦੇ ਹਾਂ, ਤਾਂ ਹੋਰ ਵੀ ਵੱਡਾ ਫ਼ਰਕ ਲਿਆ ਸਕਦੇ ਹਾਂ।

ਹੋਰ ਜਾਣੋ: gov.bc.ca/drought

*2 ਮਿੰਟ ਲਈ 5.7L/ਮਿੰਟ ਪਾਣੀ ਦਾ ਵਹਾਅ, ਦਿਨ ਵਿੱਚ ਦੋ ਵਾਰ।

BRITISH COLUMBIA

Vol. 17, Issue: 30 Friday, July 26, 2024

# REALTY CLASSIFIEDS

W: www.realtyclassifieds.ca | E: design@swmediagroup.ca | Ph: 604-825-3950,
Off: 604-507-8009, #3 7953 120 St., Delta BC V4C 6PC | Fax: 1-855-796-3342

FOR ALL YOUR MORTGAGE NEEDS CALL NOW!



Opinder Sohal
778.882.9914

Dominion Lending Centres - First Pacific Mortgage



Jonathan Fung
604.807.0888

## Canadian Real Estate Faces The Worst Market Since 90s Recession: CIBC

Canadian real estate is facing some of the worst market conditions in decades. That was the take in CIBC's latest research paper, which warns investment has disappeared from the market. The problem is amplified in the Greater Toronto condo market, where investors represent over two-thirds of buyers. Complicating the issue further is a weak condo resale market, where inventory is rising and prices are falling, softening demand for new construction even further.

Canadian Real Estate Markets Face The Worst Conditions Since 1991

Canada's per-capita recession is worse than most people may have noticed. The bank notes this decline began in mid-2022, and it's just been grinding lower. "… at the current pace of decline it's approaching the pace of declines seen in the 2008 and 1991 recessions," explains Benjamin Tal, an economist at CIBC. He adds, "In fact, it is fair to say that given the current environment, the Canadian housing market in general and the GTA market in particular are facing the most significant test since the 1991 recession." Greater Toronto real estate is essentially split into two very different markets—low rise and condos. The low rise market has been fairly active, and the adoption of broad upzoning helped to inflate land value since excess zoning increases values, even if it's not being used. The condo market has been another story.

JASSAL SIGNS
www.jassalsigns.com
604.599.4221



FOR ALL YOUR SIGN & PRINTING NEEDS
Booklets • Flyers
Posters • Business Cards
Real Estate Signs
Sandwich Boards
Wide Format Printing
Vehicle Wrap
3D Signs • Channel Letters

#101 7728 128 St., Surrey





Our First Journey is to Find That Special Place For You...

AJIT THALIWAL
Cell: 604.727.5166
ajitsthaliwal@gmail.com

RE/MAX

We specialize in Land Assembly, Lots & Residential Properties

RAMAN KOONER
Cell: 604.825.4433
ramankooner@gmail.com







Richmond
10220 Railway Avenue

Stunning Coach House in Steveston. No expense has been spared in this 2,682 sq ft home, 6 Bed 6 Bath home boasting top quality finishings, expert craftsmenship, and top materials. Including Imported European Tiles, Euro Quartz Counters, extensive custom millwork, High end S/S Bosch Appliances and quality fixtures and faucets not to mention Air Conditioning/Heat Pump/HRV & Radiant Floor Heating in the Home with huge rental potential. Very Flexible floor plan with Bedroom on the main floor with brilliant entertainment space. Fully Fenced and Landscaped yard and monitored security all around. Just a stones throw from the Famous Steveston "Village", Transit, All levels of Schools and Shopping. 2-5-10. Home Warranty.




RICHMOND
22811 Mclean Avenue

Introducing Another Award Winning Community by Infinity Living "Richstone Hamilton" nestled in the quiet rapidly growing Richmond Suburb of Hamilton. 25 Farmhouse inspired townhomes with gorgeous finishings estimated for completion in May 2025. These 3 Bedroom townhomes boast designer kitchens, Fisher & Paykel appliance package, authentic imported european tiles, Quartz countertops, custom wood work, Air Con/Heat Pump/HRV and double tandem/side by side garages. These units are very well appointed. Walking distance to Shopping, schools, parks, childcare and transit. Please contact us for more details and information.




Claysmith
8140 Claysmith Road,

9379 SF RS1/E Lot with a clean, 1964 built 2400 SF 3 Bdrm, 1.5 Bath Rented House, in a quiet neighbourhood of Newer Luxury Homes near Blundell & No1 Rd in the Boyd Park area of Richmond. Currently.




Chilliwack
8811 Saunders Road

SOLD




Chilliwack
44477 Yale Road

Over half an acre of prime development land next to Cap-It and other major anchors. The current use is non-conforming motel and 9 units are rented for great holding income. The property is M2 zoned for business industrial uses and ready for building permit for the development of your choice with very few restrictions. See City of Chilliwack M2 zoning permit guidelines.




RICHMOND
1 8620 Railway Avenue

Introducing The Richstone. Another award winning townhouse community by Infinity Living. Located in the Railway Corridor in West Richmond with all amenities at your doorstep. Offering a very limited collection of Farmhouse inspired townhomes ranging 1207SF to 1612SF living area+ garage with luxurious finishing. Featuring 4 bdrms & 3 bdrms plans, designer kitchens, double tandem and side by side garages. All units are West Facing. Fisher & Paykel appliance package, Highly energy efficient w/heat pump and AC. Walking distance to Seafair Shopping center, Schools, parks, tree lined walking path & more. Ready to move in Mid - 2022.




RICHMOND
3411 Lockhart Road

Richmond's boutique builder Infinity Living presents another gorgeous home in one of Richmond's finest neighborhoods. This spacious 5 bedroom, 5 bath home, Lot is over 6000+ SqFt lot.




ANNIEVILLE
11452 93 Avenue, Delta

Welcome to Annieville Neighborhood. This modern luxury residence built in 2021 offers expansive living space with stunning views of North Shore Mountains and City from balconies and upper Deck.




SCOTTSDALE
8336 118 Street, Delta

Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.




SEAFAIR
8931 Fairdell Place

Seafair Gem! Super cute & charming family home w/ 3 bedrooms, 2 full baths, enclosed sunroom, storage/den & large bright games / family room down.

For All Listings Visit: WWW.RELIANCEREALESTATE.CA

21/10

THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.


KVP HERITAGE
REVIVING ARTS PRESENTATION IN CANADA
Presents...
MAUSIQI
NADIR ALI KHAN
USTAD SHAFQAT ALI KHAN
PRIDE OF PAKISTAN
FAIZAN ALI KHAN
SHAAM CHAURAASI GHARANA
AN EVENING OF
Sufi, Classical Music, Ghazal, Thumri
20 FRIDAY SEPTEMBER 7PM | 2024
Bell PERFORMING ARTS CENTRE SURREY
TICKETS: $30,50,75 + FC
V-TIX ONLINE
KAMAL SHARMA @ (604)833-1977 FOR INFORMATION & SPONSORSHIP
KVP KAMAL

# ਜ਼ਿੰਦਗੀ ਨੂੰ ਰੀਂਘੋ ਨਾ ਸਗੋਂ ਜੀਵੋ

ਇੱਕੀਵੀਂ ਸਦੀ ਦੇ ਤੀਸਰੇ ਦਹਾਕੇ ’ਚ ਤੁਹਾਡਾ ਸਵਾਗਤ ਐ ਜਿੱਥੇ ਫੋਨ ਤਾਰਾਂ ਤੋਂ ਬਿਨਾਂ ਨੇ, ਕਾਰਾਂ ਚਾਬੀ ਤੋਂ ਬਿਨਾਂ ਨੇ, ਖਾਣਾ ਅੱਗ ਤੋਂ ਬਿਨਾਂ ਏਂ, ਕੱਪੜੇ ਬਾਹਾਂ ਤੋਂ ਬਿਨਾਂ ਨੇ, ਨੌਜਵਾਨ ਰੁਜ਼ਗਾਰ ਤੋਂ ਬਿਨਾਂ ਨੇ, ਟਾਇਰ ਟਿਊਬ ਤੋਂ ਬਿਨਾਂ ਨੇ। ਲੀਡਰ ਸ਼ਰਮ ਤੋਂ ਬਿਨਾਂ ਨੇ, ਬੱਚੇ ਨੈਤਿਕਤਾ ਤੋਂ ਬਿਨਾਂ ਨੇ, ਰਿਸ਼ਤੇ ਅਰਥ ਤੋਂ ਬਿਨਾਂ ਨੇ ਤੇ ਦਿਲ ਭਾਵਨਾਵਾਂ ਤੋਂ ਸੱਖਣੇ। ਲੇਕਿਨ ਉਮੀਦਾਂ ਅੰਤ ਤੋਂ ਬਿਨਾਂ ਨੇ, ਇਨ੍ਹਾਂ ਦਾ ਕੋਈ ਅੰਤ ਨਹੀਂ।

ਇਹ ਸਮਝਣਾ ਬਹੁਤ ਮੁਸ਼ਕਿਲ ਹੈ ਕਿ ਲੋਕ ਕਿੰਨੇ ਬੇਉਮੀਦ ਅਤੇ ਪਰੇਸ਼ਾਨ ਨੇ। ਅਸਲ ਵਿੱਚ ਇਹ ਧਿਆਨ ਨਾਲ ਦੇਖਣ ਤੇ ਸਮਝਣ ਵਾਲੀ ਗੱਲ ਹੈ ਕਿ ਕਿੰਨੇ ਲੋਕ ਹੌਸਲਾ-ਅਫ਼ਜ਼ਾਈ ਦੇ ਸ਼ਬਦਾਂ ਬਿਨਾਂ ਮਰ ਰਹੇ ਨੇ, ਖੁਦਕੁਸ਼ੀ ਕਰ ਰਹੇ ਨੇ। ਜੇ ਤੁਸੀਂ ਜਾਗਰੂਕ ਹੋਵੋ, ਸਾਵਧਾਨ ਰਹੋ ਤਾਂ ਇਹ ਹੌਸਲਾ ਦੇਣਾ ਕਿੰਨਾ ਸੌਖਾ ਏ, ਜਿੱਥੇ ਸ਼ਾਬਾਸ਼ ਅਤੇ ਹੱਲਾਸ਼ੇਰੀ ਮਿਲਣੀ ਚਾਹੀਦੀ ਏ, ਉੱਥੇ ਦਿਉ। ਤੁਸੀਂ ਜੇ ਇਸ ਤਰ੍ਹਾਂ ਦੇ ਇਨਸਾਨ ਬਣ ਜਾਉਂ ਤਾਂ ਬਹੁਤ ਚੰਗਾ ਏ। ਜ਼ਿੰਦਗੀ ’ਚ ਕੁਝ ਵੀ ਸਿੱਧਾ-ਸਾਧਾ ਨਹੀਂ ਹੁੰਦਾ।

ਕਿਸੇ ਸੱਜਣ ਦੀ ਸੁਣਾਈ ਇੱਕ ਛੋਟੀ ਜਿਹੀ ਘਟਨਾ ਤੋਂ ਸਭ ਪਤਾ ਲੱਗ ਜਾਵੇਗਾ। ਉਹ ਕਹਿੰਦੈ, ਕੱਲ੍ਹ ਮੈਂ ਬਗੀਚੇ ’ਚ ਗਿਆ। ਮੈਂ ਦੂਰੋਂ ਇੱਕ ਦਰੱਖਤ ’ਤੇ ਫ਼ਲ ਦੇਖਿਆ। ਫ਼ਲ ਨੂੰ ਦੇਖਿਆ ਤਾਂ ਅੱਖਾਂ ਨੇ, ਪਰ ਲਾਲਚ ਜਾਗਿਆ ਮਨ ’ਚ। ਮਨ ਤਾਂ ਦਰੱਖ਼ਤ ਵੱਲ ਜਾ ਨਹੀਂ ਸਕਦਾ, ਸੋ ਗਏ ਮੇਰੇ ਪੈਰ, ਪੈਰ ਫ਼ਲ ਨੂੰ ਤੋੜ ਨਹੀਂ ਸਕਦੇ, ਸੋ ਤੋੜਿਆ ਮੇਰੇ ਹੱਥਾਂ ਨੇ। ਹੱਥ ਕਿਉਂਕਿ ਫ਼ਲ ਨੂੰ ਖਾ ਨਹੀਂ ਸਕਦੇ। ਖਾਧਾ ਮੂੰਹ ਨੇ, ਮੂੰਹ ਕਿਉਂਕਿ ਫਲ ਨੂੰ ਰੱਖ ਨਹੀਂ ਸਕਦਾ, ਸੋ ਰੱਖਿਆ ਢਿੱਡ ਨੇ ਤੇ ਇਹ ਸਭ ਹੁੰਦੇ ਹੋਏ ਦੇਖਿਆ ਮਾਲੀ ਨੇ। ਮਾਲੀ ਨੂੰ ਗੁੱਸਾ ਆਇਆ ਤੇ ਉਸਨੇ ਡੰਡਾ ਮਾਰਿਆ ਪਿੱਠ ’ਤੇ। ਹਾਲਾਂਕਿ ਪਿੱਠ ਦਾ ਸਾਰੇ ਵਰਤਾਰੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਡੰਡਾ ਵੱਜਿਆ ਪਿੱਠ ’ਤੇ, ਹੰਝੂ ਆਏ ਅੱਖਾਂ ’ਚ ਕਿਉਂਕਿ ਸ਼ੁਰੂਆਤ ’ਚ ਫ਼ਲ ਨੂੰ ਅੱਖਾਂ ਨੇ ਹੀ ਦੇਖਿਆ ਸੀ। ਇਹ ਐ ਜੀਵਨ ਚੱਕਰ।

ਅਸੀਂ ਸੁਣਦੇ ਆਏ ਆਂ, ਕਿ ਹਰ ਸਮੱਸਿਆ ਆਪਣਾ ਹੱਲ ਵੀ ਨਾਲ ਹੀ ਲੈ ਕੇ ਆਉਂਦੀ ਐ, ਹਰ ਸਮੱਸਿਆ ਦਾ ਹੱਲ ਹੁੰਦੈ। ਇਹ ਸਭ ਵਾਧੂ ਦੀਆਂ ਗੱਲਾਂ ਨੇ। ਜ਼ਿੰਦਗੀ ’ਚ ਕਈ ਸਮੱਸਿਆਵਾਂ ਇਸ ਤਰ੍ਹਾਂ ਦੀਆਂ ਆਉਂਦੀਆਂ ਨੇ ਜਿਨ੍ਹਾਂ ਦਾ ਕੋਈ ਹੱਲ ਨਹੀਂ ਹੁੰਦਾ।

ਇਸ ਲਈ ਇਹ ਕਿਹਾ ਜਾਂਦੈ ਕਿ ਹਰ ਸਮੱਸਿਆ ਹੱਲ ਕਰਨੀ ਨਹੀਂ ਚਾਹੀਦੀ। ਕੁਝ ਸਮੱਸਿਆਵਾਂ ਦਾ ਸਾਹਮਣਾ ਕਰਨਾ ਚਾਹੀਦੈ, ਕੁਝ ਸਮੱਸਿਆਵਾਂ ਨਾਲ ਜਿਊਣਾ ਸਿੱਖ ਲੈਣਾ ਚਾਹੀਦੈ। ਫਿਰ ਹੀ ਜ਼ਿੰਦਗੀ ਆਸਾਨ ਹੋ ਸਕਦੀ ਐ। ਇਹ ਸਮਝਣ ਵਾਲੀ ਗੱਲ ਐ ਕਿ ਜੇ ਅਸੀਂ ਹਰ ਸਮੱਸਿਆ ਨੂੰ ਹੱਲ ਕਰਨ ਵੱਲ ਤੁਰ ਪਵਾਂਗੇ ਤਾਂ ਜ਼ਿੰਦਗੀ ਖ਼ਰਚ ਹੋਜੂਗੀ।

ਯਾਦ ਕਰੋ ਕਿ ਤੁਸੀਂ ਬੱਸ ਵਿਚ ਆਰਾਮ ਨਾਲ ਬੈਠਦੇ ਓ, ਪਰ



ਡਰਾਇਵਰ ਨੂੰ ਨਹੀਂ ਜਾਣਦੇ। ਤੁਸੀਂ ਜਹਾਜ਼ ਵਿੱਚ ਆਰਾਮ ਨਾਲ ਬੈਠਦੇ ਓ, ਤੁਸੀਂ ਪਾਇਲਟ ਨੂੰ ਨਹੀਂ ਜਾਣਦੇ। ਤੁਸੀਂ ਜ਼ਿੰਦਗੀ ਵਿੱਚ ਆਰਾਮ ਕਿਉਂ ਨਹੀਂ ਕਰਦੇ, ਜਦੋਂ ਕਿ ਸਭ ਕੁਝ ਰੱਬ ਦੇ ਕੰਟਰੋਲ ਵਿੱਚ ਏ। ਹਮੇਸ਼ਾ ਯਾਦ ਰੱਖਣ ਵਾਲੀ ਗੱਲ ਐ ਤੇ ਇਹੀ ਹਾਂ-ਪੱਖੀ ਸੋਚ ਹੈ ਕਿ ਹਮੇਸ਼ਾ ਯਾਦ ਰੱਖੋ ਕਿ ਹੁਣ ਦੀ ਸਥਿਤੀ ਆਖ਼ਰੀ ਨਹੀਂ। ਸਭ ਤੋਂ ਚੰਗਾ ਵਕਤ ਆ ਰਿਹਾ ਏ। ਖ਼ੁਸ਼ੀਆਂ ਵਿਕਦੀਆਂ ਨੇ ਦੁੱਖ ਨਹੀਂ। ਕਿਸੇ ਨੂੰ ਇਹ ਡਰ ਐ ਕਿ ਰੱਬ ਦੇਖ ਨਾ ਲਵੇ ਤੇ ਕਿਸੇ ਨੂੰ ਇਹ ਸਕੂਨ ਐਂ ਕਿ ਰੱਬ ਸਭ ਦੇਖ ਰਿਹੈ। ਸਾਨੂੰ ਇਹ ਗਲਤਫ਼ਹਿਮੀਂ ਲੈ ਡੁੱਬੂਗੀ ਕਿ ਸਿਰਫ਼ ਧਾਰਮਿਕ ਸਥਾਨਾਂ ‘ਤੇ ਜਾਣ ਨਾਲ ਸਾਨੂੰ ਸਵਰਗ ਨਸੀਬ ਹੋ ਜਾਣਾ ਏ। ਚੰਨ ਉੱਤੇ ਜਾਣ ਦਾ ਬਾਅਦ ਵਿੱਚ ਸੋਚਲਿਓ, ਪਹਿਲਾਂ ਧਰਤੀ ਉੱਤੇ ਰਹਿਣਾ ਤਾਂ ਸਿੱਖ ਲਵੋ। ਜ਼ਿਆਦਾ ਦੋਸਤ ਹੋਣੇ ਜ਼ਰੂਰੀ ਨਹੀਂ ਸੱਚੇ ਦੋਸਤ ਹੋਣੇ ਜ਼ਰੂਰੀ ਐ। ਜਦ ਕਿਸੇ ਦੀ ਬਰਬਾਦੀ ਸਾਨੂੰ ਆਪਣੀ ਜਿੱਤ ਲੱਗਣ ਲੱਗੇ ਤਾਂ ਸਾਡੇ ਨਾਲੋਂ ਬਰਬਾਦ ਕੋਈ ਇਸ ਦੁਨੀਆਂ ਵਿੱਚ ਨਹੀਂ।

ਜੋ ਲੋਕ ਹਾਰਨ ਤੋਂ ਨਹੀਂ ਡਰਦੇ ਓਹੀ ਲੋਕ ਦੁਨੀਆਂ ਬਦਲ ਸਕਦੇ ਨੇ। ਸੁਪਨਿਆਂ ਦੀ ਇੱਕ ਖ਼ਾਸੀਅਤ ਏ, ਇਹ ਕਦੇ ਪੂਰੇ ਹੋਣ ਚਾਹੇ ਨਾ, ਪਰ ਇਨਸਾਨ ਨੂੰ ਮਰਨ ਨਹੀਂ ਦਿੰਦੇ। ਜਿਹੜੀਆਂ ਗੱਲਾਂ ਅਸੀਂ ਕਿਸੇ ਨੂੰ ਨਹੀਂ ਦੱਸ ਸਕਦੇ, ਉਹੀ ਸਾਨੂੰ ਇਕੱਲਾ ਕਰਦੀਆਂ ਨੇ। ਭੀੜ ਵਿੱਚ ਵੀ ਇਨਸਾਨ ਖੁਦ ਨੂੰ ਕੱਲ੍ਹਾ ਮਹਿਸੂਸ ਕਰਦਾ ਏ। ਕਦੇ ਕਿਸੇ ਨੂੰ ਇੰਨਾ ਨਾ ਡਰਾਓ ਕਿ ਡਰ ਹੀ ਖਤਮ ਹੋ ਜਾਵੇ। ਜ਼ਿੰਦਗੀ ‘ਚ ਕੋਈ ਰਿਸ਼ਤਾ ਐਸਾ ਨਾ ਬਣਾਓ, ਜਿਸਨੂੰ ਇੱਕ ਝਟਕੇ ‘ਚ ਤੋੜ ਨਾ ਸਕੋਂ। ਲੋਕ ਭੁੱਲ ਜਾਂਦੇ ਨੇ ਕਿ ਕੀ ਲੈ ਕੇ ਆਏ ਸੀ, ਕੀ ਲੈ ਕੇ ਜਾਣਾ ਏਂ, ਮਿੱਟੀ ’ਚੋਂ ਪੈਦਾ ਹੋਏ ਸੀ, ਮਿੱਟੀ ਵਿੱਚ ਮਿਲ ਜਾਣਾ ਏਂ। ਕਈ ਵਾਰ ਅਸੀਂ ਜ਼ਿਆਦਾ ਪਾਣੀ ਦੇ ਕੇ ਵੀ ਪੌਦੇ ਨੂੰ ਖਤਮ ਕਰ ਦਿੰਦੇ ਹਾਂ।

ਚਿਰਾਗ ਹੱਥ ਵਿੱਚ ਫੜ੍ਹੀ ਕਿਸੇ ਵਿਅਕਤੀ ਨੇ ਚਿਰਾਗ ਵਿਚਲੇ ਜਿੰਨ ਤੋਂ ਪੁੱਛਿਆ ਕਿ ਤੂੰ ਮੇਰੀ ਜਗ੍ਹਾ ਹੁੰਦਾ ਤਾਂ ਕੀ ਮੰਗਦਾ? ਜਿੰਨ ਨੇ ਕਿਹਾ ਕਿ ਮੈਂ ਤੇਰੀ ਜਗ੍ਹਾ ਹੁੰਦਾ ਤਾਂ ਆਜ਼ਾਦੀ ਮੰਗਦਾ। ਆਜ਼ਾਦੀ ਦੀ ਸਹੀ ਕੀਮਤ ਕੈਦੀ ਦੱਸ ਸਕਦੇ ਨੇ। ਆਜ਼ਾਦ ਫਿਰਦੇ ਮਨੁੱਖਾਂ ਨੂੰ ਆਜ਼ਾਦੀ ਦੀ ਅਹਿਮੀਅਤ ਪਤਾ ਨਹੀਂ ਲੱਗਦੀ। ਹਾਰੇ ਵਿਅਕਤੀ ਨੂੰ ਜਿੱਤ ਦੀ ਕੀਮਤ ਪਤਾ ਹੁੰਦੀ ਏ, ਜਿੱਤੇ ਹੋਏ ਜਿੱਤ ਦਾ ਆਨੰਦ ਮਾਣਦੇ ਨੇ ਪਰ ਜਿੱਤ ਦੇ ਅਹਿਸਾਸ ਤੋਂ ਵਿਰਵੇ ਰਹਿੰਦੇ ਨੇ। ਦਰਦ ਨੂੰ ਸਵੀਕਾਰ ਕਰੋ, ਦਰਦ ‘ਤੇ ਮੁਸਕਰਾਓ, ਦਰਦ ਨੂੰ ਗਲ ਲਾਉ, ਦਰਦ ਕਿਸਮਤ ਦਾ ਦਰਬਾਨ ਏਂ। ਦਰਦ ਤੁਹਾਨੂੰ ਇੱਕ ਆਮ ਜਿਹਾ ਸਵਾਲ ਪੁੱਛਣ ਲਈ ਤੁਹਾਡੇ ਕੋਲ ਆਉਂਦੈ ਕਿ ਕੀ ਤੁਸੀਂ ਸੱਚੀਉਂ ਆਪਣਾ ਮਕਸਦ ਪੂਰਾ ਕਰਨਾ ਚਾਹੁੰਨੇਂ ਆਂ ਜਾਂ ਤੁਸੀਂ ਸਿਰਫ਼ ਗੱਲਾਂ ਕਰਨ ਵਾਲੇ ਓ। ਕਾਮਯਾਬੀ ਖੁਸ਼ੀ ਦੀ ਕੁੰਜੀ ਨਹੀਂ ਸਗੋਂ ਖੁਸ਼ੀ ਕਾਮਯਾਬੀ ਦੀ ਕੁੰਜੀ ਏ। ਅੱਜ ਮੁਸ਼ਕਲਾਂ ਭਰਿਆ ਏ। ਕੱਲ੍ਹ ਜ਼ਿਆਦਾ ਮੁਸ਼ਕਲ ਹੋਊਗਾ। ਲੇਕਿਨ ਪਰਸੋਂ ਬਹੁਤ ਖ਼ੂਬਸੂਰਤ ਹੋਊਗਾ। ਪਰ ਜ਼ਿਆਦਾਤਰ ਲੋਕ ਕੱਲ੍ਹ ਸ਼ਾਮ ਨੂੰ ਮਰ ਜਾਣਗੇ।

ਹਾਲਾਤ ਨਾਲ ਨਜਿੱਠਣ ਦੀ ਕਲਾ ਹੀ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਏ। ਇੱਕ ਬੈਂਕ ਡਕੈਤੀ ਦੌਰਾਨ, ਲੁਟੇਰੇ ਨੇ ਬੈਂਕ ਵਿੱਚ ਸਾਰਿਆਂ ਨੂੰ ਉੱਚੀ ਆਵਾਜ਼ ’ਚ ਕਿਹਾ “ਚੁੱਪ ਕਰਕੇ ਬੈਠ ਜਾਉ, ਪੈਸਾ ਸਟੇਟ ਦਾ ਏ ਤੇ ਜ਼ਿੰਦਗੀ ਤੁਹਾਡੀ ਏ।”

ਸਾਰੇ ਚੁੱਪਚਾਪ ਬੈਠ ਗਏ। ਇਹ ਹੁੰਦਾ ਏ “ਮਨ ਬਦਲਣਾ।” ਜਦੋਂ ਇੱਕ ਔਰਤ ਮੇਜ਼ ’ਤੇ ਲੇਟ ਗਈ ਤਾਂ ਲੁਟੇਰਾ ਉਸ ’ਤੇ ਚੀਖਿਆ: “ਕਿਰਪਾ ਕਰਕੇ ਸਭਿਅਕ ਬਣੋ! ਇਹ ਲੁੱਟ ਹੈ ਨਾ ਕਿ ਜਬਰ ਜਨਾਹ!” ਇਸ ਨੂੰ ਕਹਿੰਦੇ ਹਨ “ਪ੍ਰੋਫੈਸ਼ਨਲ ਹੋਣਾ।” ਸਿਰਫ਼ ਉਸ ’ਤੇ ਧਿਆਨ ਦਿਉ ਜੋ ਤੁਹਾਡਾ ਮਕਸਦ ਏ। ਜਦੋਂ ਬੈਂਕ ਲੁਟੇਰੇ ਘਰ ਵਾਪਸ ਆਏ, ਛੋਟੇ ਲੁਟੇਰੇ (ਐੱਮ.ਬੀ.ਏ ਪਾਸ) ਨੇ ਵੱਡੇ ਲੁਟੇਰੇ (ਜਿਸ ਨੇ ਪ੍ਰਾਇਮਰੀ ਸਕੂਲ ਵਿਚ ਸਿਰਫ 6 ਸਾਲ ਦੀ ਪੜ੍ਹਾਈ ਕੀਤੀ ਹੈ) ਨੂੰ ਕਿਹਾ: “ਵੱਡੇ ਭਾਈ, ਆਉ ਗਿਣੀਏ ਕਿ ਸਾਨੂੰ ਕਿੰਨਾ ਪੈਸਾ ਮਿਲਿਆ।” ਬੁੱਢੇ ਲੁਟੇਰੇ ਨੇ ਝਿੜਕਦਿਆਂ ਕਿਹਾ: “ਤੂੰ ਬਹੁਤ ਮੂਰਖ ਏਂ। ਇੰਨਾ ਪੈਸਾ ਹੈ, ਇਸ ਨੂੰ ਗਿਣਨ ਵਿਚ ਸਾਨੂੰ ਲੰਮਾ ਸਮਾਂ ਲੱਗੇਗਾ। ਅੱਜ ਰਾਤ ਨੂੰ, ਟੀਵੀ ਦੀਆਂ ਖ਼ਬਰਾਂ ਤੋਂ ਪਤਾ ਲੱਗਜੂਗਾ ਕਿ ਅਸੀਂ ਬੈਂਕ ਵਿੱਚੋਂ ਕਿੰਨਾ ਪੈਸਾ ਲੁੱਟਿਆ।” ਇਸ ਨੂੰ “ਅਨੁਭਵ” ਕਹਿੰਦੇ ਨੇ। ਅੱਜ-ਕੱਲ੍ਹ ਕਾਗਜ਼ੀ ਯੋਗਤਾ ਨਾਲੋਂ ਤਜ਼ਰਬਾ ਜ਼ਿਆਦਾ ਜ਼ਰੂਰੀ ਹੈ।

ਲੁਟੇਰਿਆਂ ਦੇ ਚਲੇ ਜਾਣ ਤੋਂ ਬਾਅਦ ਬੈਂਕ ਮੈਨੇਜਰ ਨੇ ਬੈਂਕ ਸੁਪਰਵਾਈਜ਼ਰ ਨੂੰ ਤੁਰੰਤ ਪੁਲਿਸ ਨੂੰ ਬੁਲਾਉਣ ਲਈ ਕਿਹਾ। ਪਰ ਸੁਪਰਵਾਈਜ਼ਰ ਨੇ ਉਸਨੂੰ ਕਿਹਾ: “ਰੁਕੋ! ਆਉ ਆਪਾਂ ਆਪਣੇ ਲਈ ਬੈਂਕ ਤੋਂ 10 ਮਿਲੀਅਨ ਕੱਢੀਏ ਅਤੇ ਇਸ ਨੂੰ 70 ਮਿਲੀਅਨ ਵਿੱਚ ਜੋੜੀਏ ਜੋ ਅਸੀਂ ਪਹਿਲਾਂ ਬੈਂਕ ’ਚੋਂ ਉਡਾ ਚੁੱਕੇ ਆਂ।” ਇਸ ਨੂੰ ਕਹਿੰਦੇ ਹਨ “ਲਹਿਰਾਂ ਦੇ ਨਾਲ ਤੈਰਨਾ”। ਨੁਕਸਾਨ ਦੀ ਸਥਿਤੀ ਨੂੰ ਫ਼ਾਇਦੇ ਵਿੱਚ ਬਦਲਣਾ। ਸੁਪਰਵਾਈਜ਼ਰ ਕਹਿੰਦਾ: “ਚੰਗਾ ਹੀ ਐ ਜੇ ਹਰ ਮਹੀਨੇ ਡਕੈਤੀ ਹੋਵੇ।” ਇਸ ਤੋਂ ਤੈਅ ਹੁੰਦੈ ਕਿ ਤੁਹਾਡੀ ਨੌਕਰੀ ਨਾਲੋਂ ਨਿੱਜੀ ਖ਼ੁਸ਼ੀ ਵਧੇਰੇ ਮਹੱਤਵਪੂਰਨ ਹੈ। ਅਗਲੇ ਦਿਨ, ਟੀਵੀ ਉੱਪਰ ਖ਼ਬਰਾਂ ਵਿੱਚ ਦੱਸਿਆ ਕਿ ਬੈਂਕ ਤੋਂ 100 ਮਿਲੀਅਨ ਡਾਲਰ ਲੁੱਟੇ ਗਏ। ਲੁਟੇਰਿਆਂ ਨੇ ਲੁੱਟੀ ਗਈ ਰਕਮ ਨੂੰ ਕਈ ਵਾਰ ਗਿਣਿਆ। ਪਰ ਉਹ ਸਿਰਫ਼ 20 ਮਿਲੀਅਨ ਡਾਲਰ ਹੀ ਨਿਕਲੇ। ਲੁਟੇਰੇ ਬਹੁਤ ਗੁੱਸੇ ਵਿੱਚ ਸਨ ਅਤੇ ਸ਼ਿਕਵਾ ਕਰ ਰਹੇ ਸਨ: “ਅਸੀਂ ਆਪਣੀਆਂ ਜਾਨਾਂ ਨੂੰ ਖ਼ਤਰੇ ਵਿੱਚ ਪਾ ਕੇ ਸਿਰਫ 20 ਮਿਲੀਅਨ ਡਾਲਰ ਲੁੱਟ ਸਕੇ।

ਬੈਂਕ ਮੈਨੇਜਰ ਨੇ ਬਿਨਾਂ ਕਿਸੇ ਖ਼ਤਰੇ ਦੇ 80 ਮਿਲੀਅਨ ਡਾਲਰ ਲੁੱਟੇ। ਏਦਾਂ ਲੱਗਦੈ ਕਿ ਚੋਰ ਬਣਨ ਨਾਲੋਂ ਪੜ੍ਹਿਆ-ਲਿਖਿਆ ਹੋਣਾ ਬਿਹਤਰ ਹੈ।” ਚੋਰ ਬਣਨ ਨਾਲੋਂ ਪੜ੍ਹੇ- ਲਿਖੇ ਬਣੋ। ਇਸ ਨੂੰ ਕਿਹਾ ਜਾਂਦਾ ਹੈ “ਗਿਆਨ ਦੀ ਕੀਮਤ ਸੋਨੇ ਜਿੰਨੀ ਹੈ!” ਬੈਂਕ ਮੈਨੇਜਰ ਮੁਸਕਰਾ ਰਿਹਾ ਸੀ ਅਤੇ ਖ਼ੁਸ਼ ਸੀ ਕਿਉਂਕਿ ਸ਼ੇਅਰ ਬਜ਼ਾਰ ਵਿੱਚ ਉਸ ਦਾ ਘਾਟਾ ਹੁਣ ਇਸ ਲੁੱਟ ਨਾਲ ਪੂਰਾ ਹੋ ਗਿਆ ਹੈ। ਇਸ ਨੂੰ “ਮੌਕੇ ਦਾ ਫ਼ਾਇਦਾ ਉਠਾਉਣਾ” ਕਿਹਾ ਜਾਂਦਾ ਹੈ। ਇਹੀ ਹੈ ਜੋਖ਼ਮ ਉਠਾਉਣ ਦੀ ਹਿੰਮਤ। ਤਾਂ ਅਸਲੀ ਲੁਟੇਰੇ ਕੌਣ ਹਨ? ਸਭ ਦੀ ਆਪਣੀ-ਆਪਣੀ ਸੋਚ ਤੇ ਆਪਣੀ ਸਮਝ।

ਪੈਸਾ ਬਹੁਤ ਵੱਡੀ ਤਾਕਤ ਐ ਪਰ ਕਈ ਵਾਰ ਇਸਨੂੰ ਨਾਂਹ ਕਹਿਣ ਵਾਲੇ ਲੋਕ ਜ਼ਿਆਦਾ ਤਾਕਤਵਰ ਹੁੰਦੇ ਨੇ। ਪੈਸੇ ਨਾਲ ਤੁਸੀਂ ਕਮਰੇ ਖ਼ਰੀਦ ਸਕਦੇ ਓ, ਘਰ ਨਹੀਂ। ਪੈਸੇ ਨਾਲ ਤੁਸੀਂ ਘੜੀ ਖ਼ਰੀਦ ਸਕਦੇ ਓ, ਸਮਾਂ ਨਹੀਂ। ਪੈਸੇ ਨਾਲ ਤੁਸੀਂ ਬੈੱਡ ਖ਼ਰੀਦ ਸਕਦੇ ਓ, ਨੀਂਦ ਨਹੀਂ। ਪੈਸੇ ਨਾਲ ਤੁਸੀਂ ਖਾਣਾ ਖ਼ਰੀਦ ਸਕਦੇ ਓ, ਭੁੱਖ ਨਹੀਂ। ਪੈਸੇ ਨਾਲ ਤੁਸੀਂ ਡਾਕਟਰ ਖ਼ਰੀਦ ਸਕਦੇ ਓ, ਚੰਗੀ ਸਿਹਤ ਨਹੀਂ, ਪੈਸੇ ਨਾਲ ਤੁਸੀਂ ਬੀਮਾ ਖ਼ਰੀਦ ਸਕਦੇ ਓ, ਸੁਰੱਖਿਆ ਨਹੀਂ।

ਆਪਣੇ ਮਨ ਨੂੰ ਖਾਲੀ ਕਰੋ। ਨਿਰਾਕਾਰ ਬਣੋ। ਪਾਣੀ ਵਾਂਗੂੰ ਬਣੋ। ਅਸੀਂ ਪਾਣੀ ਨੂੰ ਕੱਪ ਵਿੱਚ ਪਾਉਨੇ ਆਂ, ਇਹ ਕੱਪ ਬਣ ਬਣ ਜਾਂਦੈ। ਪਾਣੀ ਨੂੰ ਬੋਤਲ ਵਿੱਚ ਪਾਈਏ ਤਾਂ ਇਹ ਬੋਤਲ ਦਾ ਰੂਪ ਲੈ ਲੈਂਦੈ। ਇਹਨੂੰ ਚਾਹ ਦੇ ਬਰਤਨ ਵਿੱਚ ਪਾਈਏ ਤਾਂ ਇਹ ਚਾਹ ਦੇ ਬਰਤਨ ਦੀ ਸ਼ਕਲ ਇਖ਼ਤਿਆਰ ਕਰ ਲੈਂਦੈ। ਹੁਣ ਪਾਣੀ ਜਾਂ ਤਾਂ ਵਹਿ ਸਕਦੈ ਤੇ ਜਾਂ ਫਿਰ ਬਰਬਾਦ ਹੋ ਸਕਦੈ। ਪਾਣੀ ਨੂੰ ਕਿਸੇ ਨੇ ਪੁੱਛਿਆ : ਤੇਰਾ ਰੰਗ ਕਿਹੋ ਜਿਹਾ ਏ। ਜਵਾਬ ਮਿਲਿਆ : ਜਿਹੜੀ ਚੀਜ਼ ’ਚ ਮਿਲਾ ਦਿਉ, ਉਸੇ ਵਰਗਾ। ਜਦੋਂ ਤੁਸੀਂ ਨਹੀਂ ਸੀ ਉਦੋਂ ਵੀ ਦੁਨੀਆ ਸੀ। ਤੁਸੀਂ ਚਲੇ ਜਾਉਗੇ, ਉਦੋਂ ਵੀ ਦੁਨੀਆ ਰਹੂਗੀ। ਤੁਹਾਡੇ ਹੋਣ ਜਾਂ ਨਾ ਹੋਣ ਨਾਲ ਧਰਤੀ ਜਾਂ ਲੋਕਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ। ਪੈਂਦੇ ਹੋਏ ਫ਼ਰਕ ਵੀ ਵਕਤੀ ਹੁੰਦੇ ਨੇ, ਥੋੜ੍ਹੇ ਸਮੇਂ ਲਈ। ਕੁਝ ਸਮੇਂ ਬਾਅਦ ਸਭ ਆਪਣੀ ਰਾਹ ’ਤੇ ਚੱਲ ਪੈਂਦੇ ਨੇ, ਸਾਡੇ ਤੋਂ ਬਿਨਾ। ਕੁਦਰਤ ਲਈ ਸਭ ਕੀੜੇ-ਮਕੌੜੇ ਨੇ। ਕੁਦਰਤੀ ਆਫ਼ਤਾਂ ਵਿੱਚ ਲੱਖਾਂ ਲੋਕ ਕੁਝ ਪਲਾਂ ਵਿੱਚ ਹੀ ਖ਼ਤਮ ਹੋ ਜਾਂਦੇ ਨੇ ਤੇ ਕੁਦਰਤ ਨੂੰ ਇਸ ਨਾਲ ਰੱਤੀ ਭਰ ਵੀ ਫ਼ਰਕ ਨਹੀਂ ਪੈਂਦਾ।

ਹਰ ਸ਼ੈਅ ਦਾ ਵਜੂਦ ਹੁਣ ਵਾਲੇ ਪਲ ਵਿਚ ਐ ਏਥੇ ਐ। ਅਤੀਤ ਤੁਹਾਡੇ ਦਿਮਾਗ਼ ਵਿੱਚ ਯਾਦਾਂ ਦਾ ਝੁੰਡ ਐ ਤੇ ਭਵਿੱਖ ਉਹ ਯਾਦਾਂ ਨੇ ਜੋ ਤੁਸੀਂ ਆਪਣੇ ਦਿਮਾਗ਼ ਵਿੱਚ ਬਣਾਈਆਂ ਨੇ ਭਵਿੱਖ ਬਾਰੇ। ਕਲਪਨਾ ਕਰੋ ਕਿ ਤੁਸੀਂ ਸੰਸਾਰ ਵਿੱਚ ਹੁਣੇ ਜਨਮ ਲਿਆ ਏ ਤੇ ਤੁਸੀਂ ਕੁਝ ਨਹੀਂ ਜਾਣਦੇ, ਤਾਂ ਕੀ ਡਰਨ ਜਾਂ ਫ਼ਿਕਰ ਕਰਨ ਵਾਲੀ ਕੋਈ ਗੱਲ ਹੋ ਸਕਦੀ ਏ? ਸ਼ਾਂਤ ਰਹੋ, ਇਹ ਸਾਰਾ ਕੁਝ ਤੁਹਾਡੇ ਦਿਮਾਗ਼ ਵਿੱਚ ਏ। ਇਸ ਲਈ ਚੱਲਦੇ ਸਾਹਾਂ ਨਾਲ ਅਤੀਤ ਤੇ ਭਵਿੱਖ ਦੇ ਪਛਤਾਵੇ ਤੇ ਪ੍ਰੇਸ਼ਾਨੀਆਂ ਤੋਂ ਮੁਕੰਮਲ ਤੌਰ ’ਤੇ ਮੁਕਤ ਹੋ ਕੇ ਖ਼ੂਬਸੂਰਤ ਤਰੀਕੇ ਨਾਲ ਜਿਊਣਾ ਸ਼ੁਰੂ ਕਰ ਦਿਉ।

**-ਕਮਲ ਸਰਾਵਾਂ**

# ਮਲਾਇਕਾ ਅਰੋੜਾ ਨੂੰ ਫਿਰ ਹੋਇਆ 'ਪਿਆਰ'!



ਮਲਾਇਕਾ ਅਰੋੜਾ ਨੇ ਅਰਜੁਨ ਕਪੂਰ ਨਾਲ ਬ੍ਰੇਕਅਪ ਦੀਆਂ ਖਬਰਾਂ ਦੌਰਾਨ ਫਿਰ ਤੋਂ ਪਿਆਰ ਦੇ ਚੱਕਰ 'ਚ ਪੈ ਜਾਣ ਦੀਆਂ ਅਫਵਾਹਾਂ ਨੂੰ ਹਵਾ ਦੇ ਦਿੱਤੀ ਹੈ। 'ਛਈਆਂ-ਛਈਆਂ ਗਰਲ' ਨੇ ਹਾਲ ਹੀ 'ਚ ਸਪੇਨ 'ਚ ਛੁੱਟੀਆਂ ਮਨਾਈਆਂ ਅਤੇ ਇਸ ਟਰਿੱਪ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀਆਂ ਕੁਝ ਤਸਵੀਰਾਂ 'ਚ ਉਹ ਬਿਕਨੀ ਪਹਿਲੀ ਨਜ਼ਰ ਆਈ ਅਤੇ ਟਰਿੱਪ ਦੌਰਾਨ ਉਸ ਨੇ ਬੈਸਟ ਫੂਡ ਦਾ ਵੀ ਆਨੰਦ ਲਿਆ ਪਰ ਇਕ ਫੋਟੋ 'ਚ ਲੋਕਾਂ ਨੂੰ ਉਸ ਦੇ ਖਾਣੇ ਦੇ ਇਲਾਵਾ ਹੋਰ ਵੀ ਬਹੁਤ ਕੁਝ ਦਿਸ ਗਿਆ।ਦਰਅਸਲ, ਮਲਾਇਕਾ ਨਾਲ ਕੋਈ ਓਪਰਾ ਆਦਮੀ ਦਿਸਿਆ, ਜਿਸ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ। ਮਲਾਇਕਾ ਨੇ ਭੋਜਨ ਨਾਲ ਭਰੀ ਪਲੇਟ, ਸਮੁੰਦਰ ਤੱਟ ਦਾ ਨਜ਼ਾਰਾ ਅਤੇ ਇਕ ਵਿਅਕਤੀ ਦੀ ਤਸਵੀਰ ਸ਼ੇਅਰ ਕੀਤੀ, ਜਿਸ ਦਾ ਚਿਹਰਾ ਧੁੰਦਲਾ ਹੈ। ਇਸ ਫੋਟੋ ਨੇ ਅਫਵਾਹਾਂ ਨੂੰ ਹਵਾ ਦੇ ਦਿੱਤੀ ਹੈ ਕਿ ਕੀ ਉਹ ਫਿਰ ਤੋਂ ਡੇਟਿੰਗ ਕਰ ਰਹੀ ਹੈ।

## INSTA UPDATE



ਅਨੰਦ ਅਬਾਨੀ ਦੇ ਵਿਆਹ ਦੌਰਾਨ ਐਸ਼ਵਰਿਆ ਰਾਏ



ਸਾਰਾ ਅਲੀ ਖਾਨ ਦਾ ਸ਼ਾਨਦਾਰ ਅੰਦਾਜ

# ਇਸ਼ਕ ਮੁਸ਼ਕ

## ਸੁਹੀ ਲਈ ਬੋਲਡ ਸੀਨ ਬਣੇ ਟੈਨਸ਼ਨ



ਸੁਹੀ ਜੋਸ਼ੀ ਇਨ੍ਹੀਂ ਦਿਨੀਂ ਵੈੱਬ ਸੀਰੀਜ਼ 'ਨਾਗਵਧੂ : ਏਕ ਜ਼ਹਿਰੀਲੀਕਹਾਨੀ' ਵਿਚ ਬੋਲਡ ਸੀਨਸ ਨੂੰ ਲੈ ਕੇ ਚਰਚਾ 'ਚ ਹੈ ਪਰ ਇਹ ਸੀਨ ਪਹਿਲਾਂ ਉਸ ਲਈ ਆਫਤ ਬਣ ਗਏ ਸਨ, ਕਿਉਂਕਿ ਉਹ ਇਨ੍ਹਾਂ ਨੂੰ ਲੈ ਕੇ ਕਾਫੀ ਡਰੀ ਹੋਈ ਸੀ ਪਰ ਹੁਣ ਉਹ ਆਪਣੇ ਕੰਮ ਨੂੰ ਲੈ ਕੇ ਮਿਲ ਰਹੀ ਦਰਸ਼ਕਾਂ ਦੀ ਪ੍ਰਤੀਕਿਰਿਆ ਤੋਂ ਬਹੁਤ ਖੁਸ਼ ਹੈ। ਇਸ 'ਚ ਸੁਹੀ ਨਵੀਂ ਦੁਲਹਨ ਆਭਾ ਦੇ ਕਿਰਦਾਰ 'ਚ ਹੈ। ਸੁਹੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਕੁਲ ਮਿਲਾ ਕੇ, ਮੈਨੂੰ ਬਹੁਤ ਪਾਜ਼ੇਟਿਵ ਰਿਸਪਾਂਸ ਮਿਲਿਆ ਹੈ। ਮੈਂ ਬਹੁਤ ਡਰੀ ਹੋਈ ਸੀ, ਕਿਉਂਕਿ ਮੈਂ ਕੁਝ ਬੋਲਡ ਸੀਨ ਕੀਤੇ ਸਨ ਪਰ ਸਾਰਿਆਂ ਨੇ ਇਸ ਬਾਰੇ ਚੰਗੀਆਂ ਗੱਲਾਂ ਕਹੀਆਂ, ਕਿਉਂਕਿ ਇਹ ਸਕ੍ਰੀਨ 'ਤੇ ਬਿਲਕੁਲ ਵੀ ਬੇਲੋੜਾ ਨਹੀਂ ਲੱਗਦਾ ਸੀ।

## ਸਾਡੀ ਕਿਸਮਤ 'ਚ ਸੀ ਦੋਸਤੀ: ਲਾਰੇਨ ਗਾਟਲਿਬ

ਲਾਰੇਨ ਗਾਟਲਿਬ ਆਪਣੇ ਸ਼ਾਨਦਾਰ ਡਾਂਸ ਲਈ ਮਸ਼ਹੂਰ ਹੈ। ਉਸ ਨੂੰ 'ਏ.ਬੀ.ਸੀ.ਡੀ-ਐਨੀ ਬਡੀ ਕੈਨ ਡਾਂਸ', 'ਡਿਟੈਕਿਟਵ ਬਿਓਮਕੇਸ਼ ਬਖਸ਼ੀ', 'ਵੈੱਲਕਮ ਟੂ ਕਰਾਚੀ', 'ਏ.ਬੀ.ਸੀ.ਡੀ. 2 ਅਤੇ 'ਵੈੱਲਕਮ ਬੈਕ' ਵਰਗੀਆਂ ਫਿਲਮਾਂ 'ਚ ਦੇਖਿਆ ਗਿਆ । ਇਸ ਤੋਂ ਇਲਾਵਾ ਉਹ ਡਾਂਸ ਰਿਐਲਿਟੀ ਸ਼ੋਅ 'ਝਲਕ ਦਿਖਲਾ ਜਾ 6' ਦੀ ਰਨਰਅਪ ਰਹਿ ਚੁੱਕੀ ਹੈ। ਇੰਨਾ ਹੀ ਨਹੀਂ, ਲਾਰੇਨ ਨੇ 'ਝਲਕ ਦਿਖਲਾ ਜਾ 8' ਨੂੰ ਜੱਜ ਵੀ ਕੀਤਾ ਸੀ।

ਇਨ੍ਹੀਂ ਦਿਨੀਂ ਉਹ ਆਪਣੇ ਵਿਆਹ ਨੂੰ ਲੈ ਕੇ ਚਰਚਾ 'ਚ ਹੈ। ਦਰਅਸਲ ਲਾਰੇਨ ਜਲਦ ਹੀ ਵਿਆਹ ਕਰਨ ਜਾ ਰਹੀ ਹੈ।ਹਾਲ ਹੀ 'ਚ ਉਸ ਨੇ ਖੁਦ ਆਪਣੇ ਵਿਆਹ ਬਾਰੇ ਫੈਨਜ਼ ਨੂੰ ਦੱਸਿਆ ਹੈ ਅਤੇ ਨਾਲ ਹੀ ਇਹ ਵੀ ਖੁਲਾਸਾ ਕੀਤਾ ਹੈ ਕਿ ਉਸ ਦੇ ਵਿਆਹ 'ਚ ਉਸ ਦੀ ਖਾਸ ਸਹੇਲੀ ਮੰਨੀ ਰਾਏ ਕੀ ਖਾਸ ਕੰਮ ਕਰਨ ਵਾਲੀ ਹੈ। ਲਾਰੇਨ ਜਲਦ ਹੀ ਆਪਣੇ ਲਾਂਗ ਟਾਈਮ ਬੁਆਏਫ੍ਰੈਂਡ ਟੋਬਿਆਸ ਜੋਨਸ ਨਾਲ ਵਿਆਹ ਕਰੇਗੀ।ਹਾਲ ਹੀ 'ਚ ਉਸ ਨੇ ਮੰਨੀ ਨਾਲ ਖੂਬਸੂਰਤ ਤਸਵੀਰਾਂ ਸ਼ੇਅਰ ਕਰ ਕੇ ਫੈਨਜ਼ ਨੂੰ ਜ਼ਰੂਰੀ ਅਪਡੇਟ ਦਿੱਤੀ।

ਐਕਟ੍ਰੈੱਸ, ਡਾਂਸਰ ਅਤੇ ਕੋਰਿਓਗ੍ਰਾਫਰ ਲਾਰੇਨ ਨੇ ਆਪਣੀ ਲੇਟੇਸਟ ਪੋਸਟ 'ਚ ਲਿਖਿਆ, "ਮਿੰਨੀ ਨੇ ਮੇਰੀ ਬ੍ਰਾਈਡਸਮੇਡ ਬਣਨ ਲਈ ਹਾਂ ਕਹਿ ਦਿੱਤੀ।" ਉਸ ਨੇ ਅੱਗੇ ਲਿਖਿਆ, "ਮਿੰਨੀ ਡਾਰਲਿੰਗ, ਜਿਸ ਸਮੇਂ ਅਸੀਂ ਮਿਲੇ ਸੀ, ਮੈਨੂੰ ਪਤਾ ਸੀ ਕਿ ਅਸੀਂ ਦੋਸਤ ਬਣਾਂਗੇ। ਤੁਸੀਂ ਬਹੁਤ ਖੁੱਲ੍ਹ ਕੇ ਪਿਆਰ ਕਰਦੇ ਹੋ ਅਤੇ ਤੁਸੀਂ ਬਿਲਕੁਲ ਉਥੇ ਹੋ ਜੋ ਤੁਸੀਂ ਹੋ ਅਤੇ ਮੈਂ ਤੁਹਾਡੇ ਲਈ ਇਹ ਲਵ ਨੋਟ ਛੱਡਣਾ ਚਾਹੁੰਦੀ ਹਾਂ, ਕਿਉਂਕਿ ਇੰਨੇ ਸਾਲਾਂ ਤਕ ਮੈਨੂੰ ਤੁਹਾਡੀ ਸਪੋਰਟ ਮਹਿਸੂਸ ਹੋਈ। ਇਸ ਨਾਲ ਫਰਕ ਨਹੀਂ ਪੈਂਦਾ ਕਿ ਅਸੀਂ ਇਕ-ਦੂਜੇ ਤੋਂ ਕਿੰਨੇ ਦੂਰ ਹਾਂ, ਜਾਂ ਅਸੀਂ ਕਿੰਨੇ ਸਮੇਂ ਤੋਂ ਗੱਲ ਨਹੀਂ ਕੀਤੀ।




# ਅਧਿਆਤਮਕਤਾ ਨੂੰ ਛੂੰਹਦੇ ਪੰਜਾਬੀ ਗੀਤ











ਇਹ ਸੱਚਾਈ ਹੈ ਕਿ ਸ਼ਬਦਾਂ ਰਾਹੀਂ ਰੱਬ ਜਾਂ ਪਰਮਾਤਮਾ ਦੀ ਗੱਲ ਨਹੀਂ ਕੀਤੀ ਜਾ ਸਕਦੀ ਪਰ ਸੂਫ਼ੀ ਲੇਖਕਾਂ ਨੇ ਫਿਰ ਵੀ ਆਪਣੀ ਕਲਪਨਾ ਦੇ ਆਧਾਰ 'ਤੇ ਇਸ ਗੱਲ ਨੂੰ ਇਸ਼ਕ ਹਕੀਕੀ ਰਾਹੀਂ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਸੂਫ਼ੀ ਲੇਖਕਾਂ ਦੀਆਂ ਰਚਨਾਵਾਂ ਦੀ ਨੇੜਤਾ ਪੰਜਾਬੀ ਬੋਲੀ ਨਾਲ ਹੋਣ ਕਰ ਕੇ ਪੰਜਾਬੀ ਗੀਤਕਾਰੀ 'ਤੇ ਇਸ ਦਾ ਅਸਰ ਸਿੱਧਾ ਦੇਖਣ ਨੂੰ ਮਿਲਦਾ ਹੈ। ਇਸੇ ਅਸਰ ਦੀ ਉਪਜ 'ਚੋਂ ਬਹੁਤ ਸਾਰੇ ਪੰਜਾਬੀ ਗੀਤ ਪੰਜਾਬੀ ਗਾਇਕੀ ਵਿਚ ਸੂਫ਼ੀ ਜਾਂ ਧਾਰਮਿਕ ਰੰਗਤ ਵਾਲੇ ਸੁਣਨ ਨੂੰ ਮਿਲਦੇ ਹਨ। ਧਾਰਮਿਕ ਗਾਇਕੀ ਦੀ ਸ਼ੁਰੂਆਤ ਇਸ ਧਾਰਮਿਕ ਗਾਇਕੀ ਦੀ ਸ਼ੁਰੂਆਤ ਰਿਕਾਰਡਿੰਗ ਮਾਧਿਅਮ ਰਾਹੀਂ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਨੇ ਕੀਤੀ। ਉਨ੍ਹਾਂ ਦੇ ਗਾਏ ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਆ, ਨਾਮ ਸਾਈ ਦਾ ਬੋਲ' ਵਰਗੇ ਗੀਤਾਂ ਰਾਹੀਂ ਪੰਜਾਬੀ ਗਾਇਕੀ ਕਿੱਸਿਆ ਤੋਂ ਹਟ ਕੇ ਨਿਰੋਲ ਧਾਰਮਿਕ ਵਿਸ਼ਿਆਂ ਵੱਲ ਆਈ। ਫਿਰ ਇਸ ਪਿਰਤ ਨੂੰ ਉਨ੍ਹਾਂ ਦੇ ਸਮਕਾਲੀ ਗਾਇਕਾਂ/ਗੀਤਕਾਰਾਂ ਨੇ ਅੱਗੇ ਜਾਰੀ ਰੱਖਿਆ, ਜਿਨ੍ਹਾਂ ਵਿੱਚੋਂ ਗਾਇਕਾ 'ਨਰਿੰਦਰ ਬੀਬਾ ਦੇ ਨਾਂ ਦਾ ਜ਼ਿਕਰ ਵਿਸ਼ੇਸ਼ ਰੂਪ ਵਿੱਚ ਆਉਂਦਾ ਹੈ। 'ਅਮਰ ਚਮਕੀਲਾ ਅਤੇ ਅਮਨਜੋਤ ਦੇ ਧਾਰਮਿਕ ਗੀਤ 'ਪਾਣੀ ਦਿਆ ਬੁਲਬਲਿਆ, ਤਲਵਾਰ ਮੈਂ ਕਲਗੀਧਰ ਦੀ, ਸਾਥੋਂ ਖੋਹ ਲਿਆ ਬਾਬਾ ਤੇਰਾ ਨਨਕਾਣਾ' ਹਮੇਸ਼ਾ ਪੰਜਾਬੀ ਸੰਗੀਤ ਜਗਤ ਵਿਚ ਯਾਦ ਰੱਖੇ ਜਾਣਗੇ। ਇਸ਼ਕ ਹਕੀਕੀ ਵਿਸ਼ੇ ਰਾਹੀਂ ਦਿੱਤੇ ਸੂਫ਼ੀ ਗੀਤ ਇਸ ਦੌਰ ਤੋਂ ਬਾਅਦ ਗੁਰਦਾਸ ਮਾਨ ਅਤੇ ਹਾਕਮ ਸੂਫ਼ੀ ਵਰਗੇ ਗਾਇਕ-ਗੀਤਕਾਰਾਂ ਨੇ ਇਸ਼ਕ ਹਕੀਕੀ ਵਿਸ਼ੇ ਰਾਹੀਂ ਸੂਫ਼ੀ ਗੀਤ ਪੰਜਾਬੀ ਬੋਲੀ ਨੂੰ ਦਿੱਤੇ। ਮਰਹੂਮ ਫ਼ੱਕਰ ਗਾਇਕ ਹਾਕਮ ਸੂਫ਼ੀ ਨੇ ਆਪਣੇ ਨਾਂ ਮੁਤਾਬਿਕ ਉੱਚ ਦਰਜੇ ਦੇ ਸੂਫ਼ੀ ਗੀਤ 'ਚਰਖੇ ਦੀ ਟੁੱਟ ਗਈ ਮਾਲ, ਪਾਣੀ ਵਿਚ ਮਾਰਾਂ ਡੀਟਾਂ ਪੰਜਾਬੀ ਸੰਗੀਤ ਦੀ ਝੋਲੀ ਪਾਏ। ਉਨ੍ਹਾਂ ਦੀ ਇਸ ਦੇਣ ਨੂੰ ਹਮੇਸ਼ਾ ਸਤਿਕਾਰ ਨਾਲ ਯਾਦ ਰੱਖਿਆ ਜਾਵੇਗਾ। ਗੁਰਦਾਸ ਮਾਨ ਦੀ ਗਾਇਕੀ ਨੇ ਪੰਜਾਬੀ ਗਾਇਕੀ ਦੇ ਅਕਾਸ਼ ਵਿਚ ਸੂਫ਼ੀ ਗਾਇਕੀ ਦਾ ਨਵਾਂ ਦੌਰ ਸ਼ੁਰੂ ਕੀਤਾ। ਉਨ੍ਹਾਂ ਬਹੁਤ ਸਾਰੇ ਸੂਫ਼ੀ ਗੀਤ ਸਰੋਤਿਆਂ ਨੂੰ ਦਿੱਤੇ। ਉਨ੍ਹਾਂ ਦੇ ਗਾਏ 'ਇਸ਼ਕ ਦਾ ਗਿਰਧਾ, ਕਮਲੀ ਯਾਰ ਦੀ, ਇਸ਼ਕੇ ਦੀ ਮਾਰੀ ਵੇ ਮੈਂ ਝੱਲੀ ਹੋ ਗਈ, ਜਿੱਥੇ ਸਾਡੀ ਲੱਗੀ ਆ, ਜੋਗੀਆ ਵੇ ਜੋਗੀਆ ਵਰਗੇ ਗੀਤਾਂ ਨੇ ਪੰਜਾਬੀ ਸੰਗੀਤ ਜਗਤ ਨੂੰ ਬਹੁਤ ਉੱਚੇ ਮੁਕਾਮ 'ਤੇ ਲਿਆ ਖੜ੍ਹਾ ਕੀਤਾ। ਅਧਿਆਤਮਕ ਪੱਖ ਤੋਂ ਗੀਤਾਂ ਦੀ ਰਚਨਾ ਪੰਜਾਬੀ ਸੰਗੀਤ ਜਗਤ ਵਿਚ 2009-10 ਦਾ ਸਾਲ ਅਧਿਆਤਮਕ ਪੱਖ ਤੋਂ ਗੀਤਾਂ ਦੀ ਰਚਨਾ ਦਾ ਸੁਨਹਿਰੀ ਦੌਰ ਕਿਹਾ ਜਾ ਸਕਦਾ ਹੈ। ਸੰਗੀਤ ਜਗਤ ਅੰਦਰ ਜਿਹੇ ਨੌਜਵਾਨ 'ਸਤਿੰਦਰ ਸਰਤਾਜ ਸੂਝਵਾਨ ' ਤੇ ਸੰਜੀਦਾ ਦੀ ਆਮਦ 'ਸਾਈ' ਗੀਤ ਨਾਲ ਹੋਈ। ਫਿਰ ਉਸ ਵੱਲੋਂ ਇਸੇ ਸ਼ੈਲੀ ਵਿਚ ਰਚਿਆ ਗੀਤ 'ਇਬਾਦਤ ਸਰੋਤਿਆ ਨੂੰ ਜਿੱਥੇ ਸੁਣਨ 'ਚ ਬਹੁਤ ਚੰਗਾ ਲੱਗਿਆ, ਉੱਥੇ ਅਧਿਆਤਮ ਦੀ ਖੋਜ ਵਾਲਿਆਂ ਲਈ ਪ੍ਰੇਰਨਾਸ੍ਰੋਤ ਦਾ ਕੰਮ ਕਰਦਾ।

ਬਹੁਤ ਸਾਰੇ ਗਾਇਕ ਤੇ ਗੀਤਕਾਰ ਹੋਏ ਪ੍ਰੇਰਿਤ ਫਿਰ ਗਾਇਕ ਕੰਵਰ ਗਰੇਵਾਲ ਦੇ ਗੀਤ 'ਉਹ ਹੋਰ ਈ ਅੱਖਾਂ ਨੇ, ਜਿਸ ਦੀ ਰਚਨਾ 'ਬਾਬਾ ਬੇਲੀ' ਨੇ ਕੀਤੀ ਸੀ, ਗਾ ਕੇ ਗੁਰੂਆਂ-ਪੀਰਾਂ ਦੇ ਦਰਸਾਏ ਮਾਰਗ ਅਨੁਸਾਰ ਚੱਲਣ ਤੇ ਧਾਰਮਿਕ ਪਾਖੰਡਵਾਦ ਉਪਰ ਕਰਾਰੀ ਚੋਟ ਕੀਤੀ।

ਗੀਤਕਾਰ ਅਰਮਦੀਪ ਗਿੱਲ ਦੁਆਰਾ ਰਚਿਤ ਤੇ ਗਾਇਕਾ ਮੀਨੂੰ ਸਿੰਘ ਦਾ ਗਾਇਆ ਗੀਤ 'ਰੱਬ ਤੋਂ ਪਹਿਲਾਂ ਲਈਏ ਤੇਰਾ ਨਾਂ', ਪ੍ਰਭ ਗਿੱਲ ਦਾ ਗਾਇਆ ਤੇ ਗੁਰਪ੍ਰੀਤ ਸਿੰਘ ਦਾ ਲਿਖਿਆ ਗੀਤ 'ਸ਼ੁਕਰ ਦਾਤਿਆ', ਚਰਨ ਲਿਖਾਰੀ ਦਾ ਲਿਖਿਆ ਤੇ ਗਾਇਕ ਬਾਲੀ ਢਿੱਲੋਂ ਦਾ ਗਾਇਆ ਗੀਤ 'ਅੱਲ੍ਹਾ ਵੇਲੇ ਆ ਗਈ ਤੇਰੀ ਯਾਦ ਵੇ'', ਗਾਇਕ ਤੇ ਗੀਤਕਾਰ ਬਲਵੀਰ ਬੋਪਾਰਾਏ ਦਾ ਸੂਫ਼ੀ ਗੀਤ 'ਤੂੰ ਮੇਰੇ ਕੋਲ ਹੁੰਦਾ ਏ, ਗਾਇਕਾ ਹਰਸ਼ਦੀਪ, ਕਪਲ ਸ਼ਰਮਾ ਅਤੇ ਬਾਲੀਵੁੱਡ ਦੇ ਨਾਮੀ ਗਾਇਕਾਂ ਦੁਆਰਾ ਗਾਇਆ ਤੇ ਜਗਮੀਤ ਬੱਲ ਤੇ ਚਰਨਜੀਤ ਸਿੰਘ ਦਾ ਰਚਿਆ ਗੀਤ 'ਨਾਨਕ ਆਇਆ ਵੀ ਮਹਾਨ ਰਚਨਾਵਾਂ ਹਨ। ਗਾਇਕ ਅਮਰਿੰਦਰ ਗਿੱਲ ਦਾ ਗਾਇਆ ਅਤੇ ਬੀਰ ਸਿੰਘ ਦੁਆਰਾ ਰਚਿਤ ਗੀਤ 'ਚੱਲ ਜਿੰਦੀਏ ਜਿੰਦਗੀ ਦੇ ਨਿਰੋਲ ਸੱਚ ਨੂੰ ਬਿਆਨ ਕਰਦਾ ਤਮਾ ਦੇ ਸੰਸਾਰ ਵਿੱਚੋਂ ਬਾਹਰ ਨਿਕਲਣ ਦਾ ਹੋਕਾ ਦਿੰਦਾ ਹੈ। ਅਧਿਆਤਮ ਦੀ ਖੋਜ ਦਾ ਸਿਖਰ ਕੰਵਰ ਗਰੇਵਾਲ ਦੇ ਸਮਕਾਲੀ ਕੁਝ ਹੋਰ ਗਾਇਕਾਂ ਨੇ ਅਧਿਆਤਮ ਦੇ ਸਿਖਰ ਨੂੰ ਛੂਹਦੇ ਗੀਤ ਪੰਜਾਬੀ ਸੰਗੀਤ ਜਗਤ ਨੂੰ ਦਿੱਤੇ। ਗੀਤ ''ਆਰ ਨਾਨਕ ਪਾਰ ਨਾਨਕ', ਜਿਸ ਨੂੰ ਦਿਲਜੀਤ ਦੁਸਾਂਝ ਨੇ ਗਾਇਆ ਹੈ, ਵੀ ਅਧਿਆਤਮਕ ਜਗਤ ਦਾ ਸਿਖ਼ਰ ਹੋ ਨਿੱਬੜਦਾ ਹੈ।

# ਬਾਲੀਵੁੱਡ

## ਦਿਲਜੀਤ ਦੀ ਫਿਲਮ ਪੰਜਾਬ 95 'ਤੇ 85 ਕੱਟ




ਅਦਾਕਾਰ ਤੇ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਦੀ ਫਿਲਮ 'ਪੰਜਾਬ 95' 'ਤੇ ਕੇਂਦਰੀ ਫਿਲਮ ਸੈਂਸਰ ਬੋਰਡ (ਸੀਬੀਐੱਫਸੀ) ਦੀ ਕੈਂਚੀ ਚੱਲੀ ਹੈ। ਸੀਬੀਐੱਫਸੀ ਨੇ ਫਿਲਮ ਵਿਚ 85 ਕੱਟ ਲਗਾਉਣ ਲਈ ਕਿਹਾ ਹੈ। ਇਹ

ਫਿਲਮ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਤ ਹੈ, ਜਿਨ੍ਹਾਂ ਨੇ ਸਾਲ 1984 ਤੋਂ 1994 ਦੌਰਾਨ ਪੰਜਾਬ ਵਿਚ ਅੱਤਵਾਦ ਦੇ ਕਾਲੇ ਦੌਰ ਵਿਚ ਹਜ਼ਾਰਾਂ ਪੰਜਾਬੀ ਨੌਜਵਾਨਾਂ ਦੇ ਕਤਲ ਅਤੇ ਉਨ੍ਹਾਂ ਦੇ ਲਾਪਤਾ ਹੋਣ ਦਾ ਖ਼ੁਲਾਸਾ ਕੀਤਾ ਸੀ।

## ਫਿਲਮ 'ਬੈਡ ਨਿਊਜ਼' ਦੀ 'ਗੁੱਡ ਨਿਊਜ਼'



ਵਿੱਕੀ ਕੌਸ਼ਲ, ਤ੍ਰਿਪਤੀ ਡਿਮਰੀ ਅਤੇ ਐਮੀ ਵਿਰਕ ਸਟਾਰਰ ਬਾਲੀਵੁੱਡ ਫਿਲਮ 'ਬੈਡ ਨਿਊਜ਼' ਨੇ ਰਿਲੀਜ਼ ਹੋਣ ਤੋਂ ਬਾਅਦ ਬਾਕਸ ਆਫਿਸ 'ਤੇ 34.37 ਕਰੋੜ ਰੁਪਏ ਦੀ ਕਮਾਈ ਕੀਤੀ ਹੈ। 'ਬੰਦਿਸ਼ ਬੈਂਡਿਟ' ਅਤੇ 'ਲਵ ਪਰ ਸਕੁਏਅਰ ਫੀਟ' ਨਾਲ ਮਸ਼ਹੂਰ ਆਨੰਦ ਤਿਵਾਰੀ ਵੱਲੋਂ ਨਿਰਦੇਸ਼ਤ ਅਤੇ ਅੰਮ੍ਰਿਤਪਾਲ ਸਿੰਘ ਬਿੰਦਰਾ, ਅਪੂਰਵਾ ਮਹਿਤਾ ਅਤੇ ਕਰਨ ਜੌਹਰ ਦੁਆਰਾ ਨਿਰਮਿਤ, ਫਿਲਮ ਬਾਕਸ ਆਫਿਸ 'ਤੇ ਵਧੀਆ ਪ੍ਰਦਰਸ਼ਨ ਕਰ ਰਹੀ ਹੈ। ਨਿਰਮਾਤਾਵਾਂ ਨੇ 'ਐਕਸ' ਪੋਸਟ ਸਾਂਝੀ ਕਰਦਿਆਂ ਕੈਪਸ਼ਨ 'ਚ ਕਿਹਾ, ''ਆਪਕਾ ਪਿਆਰ ਸਭ ਤੋਂ ਵੱਡਾ ਨਿਕਲਿਆ ਜੀ।'' ਫਿਲਮ ਦੇ ਵਧੀਆ ਪ੍ਰਦਰਸ਼ਨ ਸਬੰਧੀ ਉਨ੍ਹਾਂ ਇੱਕ ਪੋਸਟਰ ਵੀ ਸਾਂਝਾ ਕੀਤਾ। ਪੋਸਟਰ 'ਤੇ ਉਨ੍ਹਾਂ ਲਿਖਿਆ, ''ਮਨੋਰੰਜਨ ਕਾ ਜ਼ਬਰਦਸਤ ਪੈਕੇਜ! 34.37 ਕਰੋੜ।'' ਇਸ ਵਿਚ ਫਿਲਮ ਦੇ ਪ੍ਰਤੀ ਦਿਨ ਦੇ ਕੁਲੈਕਸ਼ਨ ਦਾ ਵੀ ਜ਼ਿਕਰ ਕੀਤਾ ਗਿਆ ਹੈ ਜੋ ਪਹਿਲੇ ਦਿਨ 8.62 ਕਰੋੜ ਰੁਪਏ, ਅਗਲੇ ਦਿਨ ਸ਼ਨੀਵਾਰ ਨੂੰ 10.55 ਕਰੋੜ ਰੁਪਏ, ਐਤਵਾਰ ਨੂੰ 11.45 ਕਰੋੜ ਰੁਪਏ ਅਤੇ ਚੌਥੇ ਦਿਨ 3.75 ਕਰੋੜ ਰੁਪਏ ਹੈ। ''ਬੈਡ ਨਿਊਜ਼'' ਵਿੱਚ ਨੇਹਾ ਧੂਪੀਆ ਵੀ ਮੁੱਖ ਭੂਮਿਕਾ ਵਿੱਚ ਹੈ। ਮਰਦਾਂ ਦੀ ਭੂਮਿਕਾ ਕੌਸ਼ਲ ਅਤੇ ਵਿਰਕ ਨੇ ਨਿਭਾਈ ਹੈ।


WALKER HOUSE
NOW SELLING
NORTH DELTA'S FLAGSHIP
HIGH-RISE COMMUNITY
WalkerHouseDelta.com
rennie

# Employment Opportunity

## Media Relations Coordinators [NOC 11202]

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202] .

This is a permanent, full-time position which offers various shifts with 40 hours' work per week depending on schedule.

Location of work: Primary work location will be at 700-4211 Kingsway, Burnaby, B.C. V5H 1Z6, Canada.

The positions are available immediately.

## Job Description

- Strategize marketing and promotion for motion films and other projects based on project;
- Develop marketing plans and content for online [digital] marketing and offline media campaigns;
- Develop, handle and monitor social media accounts for promotion of project and prepare reports based on audience response;
- Maintain long term relations with media channels and to negotiate competitive deals for promotional activities;
- Development and management of organizations advertising and promotion budget for projects;
- Arrange press conferences and briefings and to be the organization's media liaison and formal spokesperson.

## Employment Requirements

- Formal education: post-secondary education is required;
- Serve as the organization's media liaison and formal spokesperson.
- Previous experience in project promotions;
- Critical thinker with strong conceptual and research skills.
- Ability to work under pressure and meet deadlines.
- Ability to work independently and as part of a team.
- Excellent interpersonal, verbal and writing skills.
- Meticulous, dependable and possess team motivational skills.

## Location of work:

The primary work location will be at 700-4211 Kingsway, Burnaby, B.C. V5H 1Z6, Canada.

The positions are available immediately.

**Please email resumes to** *thind10084@gmail.com* and qualified candidates will be contacted.

This position is open to Newcomers to Canada, Visible Minorities and Indigenous Persons.

Thind Motion Films Pvt. Ltd., located at 700-4211 Kingsway, Burnaby, B.C. V5H 1Z6, Canada, is seeking a Full Time Position for two [2] Media Relations Coordinators [NOC 11202].

This is a permanent, full-time position that offers various shifts with 40 hours of work per week depending on schedule.

# ਜ਼ਿੰਦਗੀ ਕਿਤਾਬ ਵਾਂਗ ਹੈ



ਜ਼ਿੰਦਗੀ ਇਕ ਕਿਤਾਬ ਵਾਂਗ ਹੈ। ਅਗਲੇ ਪੰਨੇ 'ਤੇ ਕੀ ਲਿਖਿਆ ਹੈ ਕੋਈ ਨਹੀਂ ਜਾਣਦਾ! ਕਿਤਾਬ ਵਾਂਗ ਅਗਲਾ ਪੰਨਾ ਖੋਲ੍ਹ ਕੇ ਦੇਖਣਾ ਪੈਂਦਾ ਹੈ ਭਾਵ ਆਉਣ ਵਾਲਾ ਦਿਨ ਜੀਉ ਕੇ ਹੀ ਦੇਖਣਾ ਪੈਂਦਾ ਹੈ। ਲੋੜ ਹੁੰਦੀ ਹੈ ਆਪਣੀ ਅੱਜ ਦੀ ਪੜਚੋਲ ਕਰਨ ਦੀ.. ਅੱਜ ਸੱਚੇ ਦਿਲੋਂ ਕੀਤੀ ਮਿਹਨਤ ਤੇ ਲਗਨ ਤੇ ਭਰੋਸਾ ਕਰਨ ਦੀ... ਆਉਣ ਵਾਲਾ ਸਮਾਂ ਸਚਮੁੱਚ ਬਿਹਤਰੀਨ ਹੋਏਗਾ। ਚੰਗੀ ਉਮੀਦ ਨੂੰ ਕਦੇ ਵੀ ਡਿੱਗਣ ਨਾ ਦਵੋ। ਉਸ ਵਿੱਚੋਂ ਹੀ ਉਲਝਣਾਂ ਦੇ ਰਸਤੇ ਅਤੇ ਹੱਲ ਮਿਲਣਗੇ। ਹਾਰ ਉਦੋਂ ਹੁੰਦੀ ਹੈ ਜਦੋਂ ਬੰਦੇ ਦਾ ਮਨ ਹਾਰ ਜਾਂਦਾ ਹੈ। ਪਹਿਲਾਂ ਮਨ ਨੂੰ ਜਿੱਤਣਾ ਸਿੱਖੋ ਉਸਨੂੰ ਹੌਂਸਲਾ ਦਿੰਦੇ ਰਹੋ ਯਕੀਨਣ ਅੰਤ ਨੂੰ ਜਿੱਤ ਤੁਹਾਡੀ ਹੋਏਗੀ ਤੇ ਫੇਰ ਦੇਖਣਾ ਮਨ ਆਪ ਕਹਿ ਉੱਠੇਗਾ...' ਯਾਰ! ਏਨਾ ਔਖਾ ਵੀ ਨਹੀਂ ਸੀ'

**ਮਿਹਨਤ ਨਾਲ ਹੋਵੋ ਸਫਲ:**

ਕਾਮਯਾਬੀ ਹਰ ਕੋਈ ਚਾਹੁੰਦਾ ਹੈ। ਕਾਮਯਾਬੀ ਪ੍ਰਾਪਤ ਕਰਨ ਦੇ ਕਈ ਰਸਤੇ ਹਨ ਪਰ ਜੋ ਸੁਹਜ-ਸੁਆਦ ਆਪਣੀ ਇਮਾਨਦਾਰੀ ਤੇ ਮਿਹਨਤ ਨਾਲ਼ ਪ੍ਰਾਪਤ ਕਾਮਯਾਬੀ ਵਿੱਚ ਮਿ਼ਲਦਾ ਹੈ ਓਹ ਕਿਧਰੋਂ ਹੋਰ ਨਹੀਂ ਮਿਲਦਾ। ਚਾਪਲੂਸੀ ਵਾਲੀ ਕਾਮਯਾਬੀ ਮਨ ਨੂੰ ਕਦੇ ਸਕੂਨ ਨਹੀਂ ਦਿੰਦੀ ਸਗੋਂ ਸਾਨੂੰ ਦੂਜਿਆਂ ਦੀ ਨਜ਼ਰ ਵਿੱਚ ਗਿਰਾ ਦਿੰਦੀ ਹੈ! ਜ਼ਿੰਦਗੀ ਵਿਚ ਹਮੇਸ਼ਾ ਆਪਣੇ ਨਾਲੋਂ ਵੱਧ ਕਾਮਯਾਬ ਬੰਦੇ ਨਾਲ਼ ਸਲਾਹ ਮਸ਼ਵਰਾ ਜ਼ਰੂਰ ਕਰੋ। ਇਨਸਾਨੀ ਫ਼ਿਤਰਤ ਹੀ ਇਹੀ ਹੈਂ ਕ ਅਸੀਂ ਆਪਣੇ ਤੋਂ ਵੱਧ ਕਾਮਯਾਬ ਨਾਲ ਈਰਖਾ ਰੱਖਦੇ ਹਾਂ, ਸਲਾਹਾਂ ਉਨ੍ਹਾਂ ਤੋਂ ਲੈਂਦੇ ਹਾਂ ਜੋ ਆਪ ਭਟਕਦੇ ਫਿਰਦੇ ਹਨ! ਇਸੇ ਤਰ੍ਹਾਂ ਇਹ ਚੱਕਰ ਚੱਲਦਾ ਰਹਿੰਦਾ ਹੈਙ ਸੋ ਕਾਮਯਾਬ ਹੋਣ ਦੇ ਸਫ਼ਰ ਦੀ ਤਿਆਰੀ ਜ਼ਰੂਰੀ ਹੈ ਉਮੀਦ ਹੈ ਤੁਸੀਂ ਇਸ ਸਫ਼ਰ 'ਤੇ ਹੋਵੋਂਗੇ।

**ਹਰ ਚੀਜ਼ ਦਿੰਦੀ ਹਾਂ-ਪੱਖੀ ਸੁਨੇਹਾ:**

ਕੁਦਰਤ ਦੀ ਬਣਾਈ ਹਰ ਸ਼ੈਅ ਸਾਨੂੰ ਕੋਈ ਨਾ ਕੋਈ ਹਾਂ-ਪੱਖੀ ਸੁਨੇਹਾ ਦਿੰਦੀ ਹੈ। ਉਦਾਹਰਨ ਵਜੋਂ ਰੁੱਖ ਸਾਨੂੰ ਜ਼ਿੰਦਗੀ ਵਿੱਚ ਕਮੀਆਂ, ਘਾਟਾਂ ਛੱਡ ਅੱਗੇ ਵਧਣਾ ਸਿਖਾਉਂਦੇ ਹਨ। ਛੋਟੀਆਂ-ਛੋਟੀਆਂ ਕੀੜੀਆਂ ਮਿਹਨਤ ਨਾਲ ਕੰਮ ਵਿਚ ਮਗਨ ਰਹਿਣਾ ਸਿਖਾਉਂਦੀਆਂ ਹਨ। ਦਰਿਆਵਾਂ ਦਾ ਵਹਾਅ ਜੀਵਨ ਵਿੱਚ ਸ਼ਾਂਤ ਸੁਭਾਅ ਦਾ ਵੇਗ ਸਿਖਾਉਂਦਾ ਹੈ! ਪੰਛੀਆਂ ਦਾ ਚੋਗਾ ਚੁਗ ਸ਼ਾਮੀ ਪਰਿਵਾਰ 'ਚ ਪਰਤਣਾ ਰੋਜ਼ਾਨਾ ਇਨਸਾਨੀ ਕਰਮ ਕਰਨ ਦੀ ਸੇਧ ਹੈ! ਹਨੇਰਿਆਂ ਦਾ ਆਉਣਾ ਤੇ ਫੇਰ ਅਗਲੇ ਦਿਨ ਚਾਨਣ ਜੀਵਨ ਦੇ ਉਤਰਾਅ-ਚੜਾਅ ਤੇ ਨਵੇਂ ਮੌਕਿਆਂ ਦੀ ਪ੍ਰਤੀਕ ਹੈ। ਕੁਦਰਤੀ ਸੰਕਟ ਦੱਸਦੇ ਹਨ ਕਿ ਇਸ ਜੀਵਨ ਵਿੱਚ ਕੁੱਝ ਵੀ ਸਥਾਈ ਨਹੀਂ! ਮਿੱਟੀ ਦਾ ਭੁਰਨਾ ਤੇ ਬੀਜ ਦਾ ਪੁੰਗਰਨਾ ਮੌਤ ਤੇ ਜਨਮ ਦਾ ਪ੍ਰਤੀਕ ਹੈ! ਸੋ ਕੁਦਰਤ ਬੇਅੰਤ ਹੈ...ਸਰਵ ਸ਼ਕਤੀਮਾਨ ਹੈ। ਬਹੁਤ ਕੁੱਝ ਸਿਖਾਉਂਦੀ ਹੈ...ਬਸ ਸਿੱਖਣ ਵਾਲਾ ਚਾਹੀਦਾ ਹੈ।

**ਸਬਰ ਨੂੰ ਬਣਾਓ ਸਾਥੀ:**

ਇਨਸਾਨੀ ਜ਼ਿੰਦਗੀ ਵਿੱਚ ਸਭ ਤੋਂ ਮਹੱਤਵਪੂਰਨ ਸਾਥੀ ਹੈ 'ਸਬਰ'। ਕਹਿੰਦੇ ਹਨ ਜੋ ਸਬਰ ਕਰ ਗਿਆ ਸੋ ਤਰ ਗਿਆ! ਪਰ ਇਹ ਹਰ ਕਿਸੇ ਦੇ ਵਸ ਦੀ ਗੱਲ ਨਹੀਂ! ਸਮਾਜ ਵਿੱਚ ਵਿਚਰਦੇ ਹੋਏ ਰੋਜ਼ ਇੱਕ ਦੂਜੇ ਦੀਆਂ ਗੱਲਾਂ ਜਰਨਾ,ਤਾਹਨੇ ਮਿਹਣੇ ਸੁਣਨਾ ਆਦਿ ਭਾਵ ਸਬਰ ਰੱਖਣਾ ਆਪਣੇ ਆਪ ਵਿੱਚ ਤਪੱਸਿਆ ਵਾਂਗ ਹੈ ਪਰ ਇਸ ਹਾਲਤ ਵਿੱਚ ਇੱਕ ਗੱਲ ਤੈਅ ਹੁੰਦੀ ਹੈ ਕਿ ਅੰਤ ਨੂੰ ਸਬਰ ਦਾ ਫ਼ਲ ਹਮੇਸ਼ਾ ਮਿੱਠਾ ਹੁੰਦਾ ਹੈ!

ਕਈ ਵਾਰ ਜਿੱਥੇ ਤਲਵਾਰ ਕੰਮ ਨਹੀਂ ਕਰਦੀ ਛੋਟੀ ਜਿਹੀ ਸੂਈ ਨਾਲ਼ ਕੰਮ ਚੱਲ ਜਾਂਦਾ ਹੈ ਉਸੇ ਤਰ੍ਹਾਂ ਕਈ ਵਾਰ ਅਜਿਹੇ ਹਾਲਾਤ ਹੁੰਦੇ ਹਨ ਜਿੱਥੇ ਬਹੁਤਾ ਰੀਐਕਟ ਕਰਨ ਵਾਲੀ ਗੱਲ ਵੀ ਨਹੀਂ ਹੁੰਦੀ ਬਹੁਤੀ ਮਗਜ਼ ਖਪਾਈ ਨਾਲੋਂ ਬੰਦਾ ਸਬਰ ਨਾਲ਼ ਜੇ ਏਨਾ ਕੁ ਸੋਚਲੇ ਕਿ ਚੱਲ ਕੋਈ ਨਾ... ਬਹੁਤ ਸਾਰੇ ਮਸਲੇ ਸੁਲਝ ਜਾਂਦੇ ਹਨ!

**-ਅਵਤਾਰ ਸਿੰਘਾ ਸੌਜਾ**

## CLASSIFIED - MATRIMONIAL - EMPLOYEMENT - RENTAL

TO ADVERTISE IN OUR CLASSIFIED SECTION >> CALL: 604-507-8009 OR E-MAIL: punjabijournal@gmail.com


### ਅਖਬਾਰ ਡਿਲੀਵਰੀ ਵਾਲੇ ਦੀ ਲੋੜ

ਵੈਨਕੂਵਰ, ਬਰਨਬੀ, ਰਿਚਮੰਡ 'ਚ ਅਖਬਾਰ ਦੀ ਡਿਲੀਵਰੀ ਕਰਨ ਵਾਲਿਆਂ ਦੀ ਲੋੜ ਹੈ। ਉਮੀਦਵਾਰ ਕੋਲ ਆਪਣੀ ਵੈਨ ਜਾਂ ਢੁਕਵਾਂ ਸਾਧਨ ਹੋਣਾ ਚਾਹੀਦਾ ਹੈ। ਤਨਖਾਹ $15 ਪ੍ਰਤੀ ਘੰਟਾ ਦਿੱਤੀ ਜਾਵੇਗੀ। ਆਪਣਾ ਫੋਨ ਨੰ: ਸਾਨੂੰ ਈ-ਮੇਲ 'ਚ ਭੇਜੋ ਅਸੀਂ ਤੁਹਾਨੂੰ ਫੋਨ ਕਰਾਂਗੇ। ਚਾਹਵਾਨ ਹੋਰ ਜਾਣਕਾਰੀ ਲਈ ਈਮੇਲ ਕਰ ਸਕਦੇ ਹਨ: infoswmedia@gmail.com

ਪੰਚਕੁਲਾ, ਚੰਡੀਗੜ੍ਹ, ਮੁਹਾਲੀ ਅਤੇ ਜ਼ੀਰਕਪੁਰ ਵਿਖੇ ਜਾਇਦਾਦ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।

ਮੋਬਾਇਲ ਨੰਬਰ :
+91-987-604-7722
ਅਗਰਵਾਲ ਪ੍ਰਾਪਰਟੀ ਕੰਸਲਟੈਂਟ (ਰਜਿ:)
ਪੰਚਕੂਲਾ, ਹਰਿਆਣਾ (ਇੰਡੀਆ)

### WE ARE HIRING

Hiring sales clerk
for family run sewing store.
Sewing, cash, computer
skills required.
English essential.
Full/part time.
Email resume to
info@tomssewing.com

### ਸੇਲ ਕਲਰਕ ਦੀ ਲੋੜ

ਪਰਿਵਾਰ ਦੁਆਰਾ ਚਲਾਏ ਜਾਣ ਵਾਲੇ ਸਿਲਾਈ ਸਟੋਰ ਲਈ ਸੇਲ ਕਲਰਕ ਦੀ ਲੋੜ ਹੈ।
ਅੰਗਰੇਜ਼ੀ ਬੋਲਣੀ ਆਉਣੀ ਲਾਜ਼ਮੀ
ਸਿਲਾਈ ਕਰਨੀ ਅਤੇ ਕੰਪਿਊਟਰ ਚਲਾਉਣਾ ਆਣਾ ਚਾਹੀਦਾ ਹੈ।
(ਫੁੱਲ ਟਾਈਮ/ਪਾਰਟ ਟਾਈਮ)
ਆਪਣਾ ਬਾਇਓ ਡੈਟਾ ਭੇਜੋ
info@tomssewing.com

Heart&Stroke™

ਸਟਰੋਕ ਦੇ ਲੱਛਣ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 911 'ਤੇ ਫ਼ੋਨ ਕਰੋ

Learn the signs, act FAST and call 9-1-1.

heartandstroke.ca/FAST

© Heart and Stroke Foundation of Canada, 2017 | ™The heart and / Icon on its own or followed by another icon or words in English are trademarks of the Heart and Stroke Foundation of Canada.

### REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ


Satwinder Reehal

604-327-5096

### BUDGET KITCHEN CABINETS LTD.

"Since 1985"

Specialized in European Style & Traditional Style 90% Wrap, Full Wrap M.D.F. Solid Oak, Panel Oak, and Maple. Kitchen Cabinets



13140 - 88th Ave. Surrey

Bus: 604-591-5586 Cell: 604-351-3804

### RIGHTWAY PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing,
- Power Washing,
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਕੈਨੇਡਾ 'ਚ ਹੁਣ ਸਭ ਕੁਝ ਠੀਕ ਨਹੀਂ



ਦੇਸ਼ 'ਚ ਰੋਜ਼ਗਾਰ ਦੇ ਮੌਕਿਆਂ ਦੀ ਭਾਰੀ ਕਮੀ ਦੇ ਕਾਰਨ ਵੱਡੀ ਗਿਣਤੀ 'ਚ ਨੌਜਵਾਨ ਸਿੱਖਿਆ, ਰੁਜ਼ਗਾਰ ਅਤੇ ਰੋਜ਼ੀ-ਰੋਟੀ ਦੀਆਂ ਬਿਹਤਰ ਸਹੂਲਤਾਂ ਲਈ ਹੋਰਨਾਂ ਦੇਸ਼ਾਂ ਦੇ ਨਾਲ-ਨਾਲ ਕੈਨੇਡਾ ਜਾ ਰਹੇ ਹਨ ਪਰ ਹੁਣ ਕੈਨੇਡਾ 'ਚ ਭਾਰਤੀ ਨੌਜਵਾਨਾਂ ਨੂੰ ਬਹੁਤ ਜ਼ਿਆਦਾ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਨੇਡਾ ਗਏ ਭਾਰਤੀ ਨੌਜਵਾਨਾਂ, ਜਿਨ੍ਹਾਂ 'ਚ ਵੱਡੀ ਗਿਣਤੀ ਵਿਦਿਆਰਥੀਆਂ ਦੀ ਹੈ, ਨੂੰ ਬੇਹੱਦ ਖਰਾਬ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੂੰ ਉੱਥੇ ਰਹਿਣ ਲਈ ਮਕਾਨਾਂ ਤੋਂ ਲੈ ਕੇ ਸਿੱਖਿਆ ਸੰਸਥਾਨਾਂ ਅਤੇ ਕੰਮ ਵਾਲੇ ਸਥਾਨਾਂ 'ਤੇ ਮੁਸ਼ਕਲਾਂ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਵੀ ਮੰਨਿਆ ਹੈ ਕਿ ''ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀ ਧੋਖਾਦੇਹੀ ਦਾ ਸ਼ਿਕਾਰ ਹੋਏ ਹਨ।'' ਕੈਨੇਡਾ 'ਚ ਮਕਾਨਾਂ ਦੀ ਵੱਡੀ ਸਮੱਸਿਆ ਹੈ। ਬੇਸਮੈਂਟਾਂ 'ਚ 20-20, 25-25 ਲੜਕੇ-ਲੜਕੀਆਂ ਇਕੱਠੇ ਰਹਿਣ ਲਈ ਮਜਬੂਰ ਹੋ ਰਹੇ ਹਨ ਜਿੱਥੇ ਕੋਈ ਨਿੱਜਤਾ ਨਹੀਂ ਹੈ।

ਹਾਲਾਤ ਇਹ ਹਨ ਕਿ ਭਾਰਤ 'ਚ ਆਪਣੇ ਮਾਤਾ-ਪਿਤਾ ਨੂੰ ਰੁਪਏ ਕਮਾ ਕੇ ਭੇਜਣ ਦੀ ਬਜਾਏ ਉਹ ਖੁਦ ਉਨ੍ਹਾਂ ਤੋਂ ਪੈਸੇ ਮੰਗਵਾ ਕੇ ਗੁਜ਼ਾਰਾ ਕਰ ਰਹੇ ਹਨ। ਅਸਲ 'ਚ ਕੈਨੇਡਾ 'ਚ ਲੋਕਾਂ ਦੀ ਆਬਾਦੀ ਵਧ ਗਈ ਹੈ ਤੇ ਕੰਮ ਘੱਟ ਗਿਆ ਹੈ।

ਇਸੇ ਕਾਰਨ ਡਿਪ੍ਰੈਸ਼ਨ ਅਤੇ ਹੋਰ ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਹੋ ਕੇ ਭਾਰਤੀ ਨੌਜਵਾਨ ਨਸ਼ਿਆਂ ਦੀ ਸ਼ਰਨ 'ਚ ਵੀ ਜਾ ਰਹੇ ਹੈ।

ਕੈਨੇਡਾ 'ਚ ਭਾਰਤੀ ਕਾਰੋਬਾਰੀਆਂ ਕੋਲੋਂ ਜਬਰੀ ਵਸੂਲੀ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ ਅਤੇ ਸੰਗਠਿਤ ਅਪਰਾਧੀ ਗਿਰੋਹਾਂ ਵੱਲੋਂ ਦੱਖਣੀ ਏਸ਼ੀਆਈ ਵਪਾਰੀਆਂ ਨੂੰ ਨਿਸ਼ਾਨਾ ਬਣਾ ਕੇ ਧਮਕਾਉਣ ਅਤੇ ਉਨ੍ਹਾਂ ਤੋਂ ਪ੍ਰੋਟੈਕਸ਼ਨ ਮਨੀ ਤੱਕ ਦੀ ਮੰਗ ਕੀਤੀ ਜਾਣ ਲੱਗੀ ਹੈ।

ਉੱਥੇ ਜਬਰੀ ਵਸੂਲੀ ਦੇ ਸ਼ਿਕਾਰ ਪਰਮਿੰਦਰ ਸਿੰਘ ਸੰਘੇੜਾ ਦਾ ਇਕ ਵੀਡੀਓ ਹਾਲ ਹੀ 'ਚ ਸਾਹਮਣੇ ਆਇਆ, ਜਿਸ 'ਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਹੈ ਕਿ ''ਇੱਥੋਂ ਦੇ ਸਿਆਸੀ ਨੇਤਾਵਾਂ ਨੇ ਕੈਨੇਡਾ ਨੂੰ ਇਕ ਤੀਜੇ ਦਰਜੇ ਦਾ ਦੇਸ਼ ਬਣਾ ਦਿੱਤਾ ਹੈ। ਲੋਕਾਂ ਦਾ ਕੰਮ-ਧੰਦਾ ਠੱਪ ਹੋ ਜਾਣ ਕਾਰਨ ਬੇਰੋਜ਼ਗਾਰੀ ਵਧ ਗਈ ਹੈ।''

ਸਰਦੀਆਂ ਦੇ ਦਿਨਾਂ 'ਚ ਲੱਗਣ ਵਾਲੇ ਰੋਜ਼ਗਾਰ ਮੇਲਿਆਂ 'ਚ ਵਿਦਿਆਰਥੀਆਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗਦੀਆਂ ਹਨ। ਰੋਜ਼ੀ-ਰੋਟੀ ਦੇ ਖਰਚੇ, ਕਾਲਜ ਦੀ ਫੀਸ ਅਤੇ ਨੌਕਰੀ ਦਾ ਕੋਈ ਭਰੋਸਾ ਨਾ ਹੋਣ ਦੇ ਕਾਰਨ ਖਾਸ ਤੌਰ 'ਤੇ ਕੈਨੇਡਾ ਗਏ ਨਵੇਂ ਵਿਦਿਆਰਥੀਆਂ ਦੇ ਮਨ 'ਚ ਹਮੇਸ਼ਾ ਚਿੰਤਾ ਬਣੀ ਰਹਿੰਦੀ ਹੈ।

ਬ੍ਰੈਂਪਟਨ 'ਚ ਇਕ ਨਿੱਜੀ 'ਫਿਊਨਰਲ ਹੋਮ' ਦਾ ਕੰਮਕਾਜ ਦੇਖਣ ਵਾਲੇ ਇਕ ਵਿਅਕਤੀ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਮੇਂ ਦੌਰਾਨ ਇੱਥੇ ਕੌਮਾਂਤਰੀ ਵਿਦਿਆਰਥੀਆਂ ਦੀ ਮੌਤ ਦਰ 'ਚ ਕਾਫੀ ਵਾਧਾ ਹੋਇਆ ਹੈ। ਕੁਦਰਤੀ ਮੌਤਾਂ ਅਤੇ ਹਾਦਸਿਆਂ ਦੇ ਕਾਰਨ ਹੋਣ ਵਾਲੀਆਂ ਮੌਤਾਂ ਤੋਂ ਇਲਾਵਾ ਕੁਝ ਮੌਤਾਂ ਦਾ ਕਾਰਨ ਆਤਮਹੱਤਿਆ ਅਤੇ ਨਸ਼ਿਆਂ ਦੀ ਓਵਰਡੋਜ਼ ਅਤੇ ਨਸ਼ੇ 'ਚ ਵਾਹਨ ਚਲਾਉਣਾ ਵੀ ਹੈ।

ਇਸ ਤਰ੍ਹਾਂ ਦੇ ਹਾਲਾਤ ਦਰਮਿਆਨ ਜਿੱਥੇ ਕੈਨੇਡਾ ਦੀ ਜਸਟਿਨ ਟਰੂਡੋ ਦੀ ਸਰਕਾਰ ਦੇਸ਼ 'ਚ ਵਿਦੇਸ਼ੀਆਂ ਦੀ ਗਿਣਤੀ ਘੱਟ ਕਰਨ ਦੇ ਯਤਨਾਂ 'ਚ ਲੱਗੀ ਹੈ, ਉੱਥੇ ਹੀ ਕੈਨੇਡਾ ਗਏ ਪ੍ਰਵਾਸੀਆਂ ਨੂੰ ਬੇਰੋਜ਼ਗਾਰੀ ਦੀ ਮਾਰ ਝੱਲਣੀ ਪੈ ਰਹੀ ਹੈ।

ਕੈਨੇਡਾ 'ਚ ਕੰਪਨੀਆਂ ਉੱਚ ਵਿਆਜ ਦਰਾਂ ਨਾਲ ਜੂਝ ਰਹੀਆਂ ਹਨ। ਇਸੇ ਕਾਰਨ ਉਹ ਪਿਛਲੇ 2 ਸਾਲਾਂ ਤੋਂ ਨੌਕਰੀਆਂ ਦੇਣ 'ਚ ਝਿਜਕ ਰਹੀਆਂ ਹਨ। ਪ੍ਰਵਾਸੀਆਂ ਦੀ ਭਾਰੀ ਆਮਦ ਦੇ ਕਾਰਨ 1957 ਤੋਂ ਬਾਅਦ ਪਿਛਲੇ 67 ਸਾਲਾਂ 'ਚ ਕੈਨੇਡਾ ਦੀ ਆਬਾਦੀ 'ਚ ਸਭ ਤੋਂ ਤੇਜ਼ੀ ਨਾਲ ਵਾਧਾ ਹੋਇਆ ਹੈ, ਜਿਸ 'ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਕ ਭਾਸ਼ਣ ਦੌਰਾਨ ਕਿਹਾ ਸੀ ਕਿ ''ਅਸੀਂ ਇਸ 'ਚ ਕਮੀ ਲਿਆਉਣਾ ਚਾਹੁੰਦੇ ਹਾਂ।''

ਕਿਉਂਕਿ ਕੈਨੇਡਾ 'ਚ ਪੱਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ 'ਚ ਸਭ ਤੋਂ ਵੱਧ ਲੋਕ ਭਾਰਤੀ ਹਨ, ਇਸ ਲਈ ਉਨ੍ਹਾਂ 'ਤੇ ਬੇਰੋਜ਼ਗਾਰੀ ਦੀ ਸਭ ਤੋਂ ਵੱਧ ਮਾਰ ਪੈਣ ਦਾ ਖਦਸ਼ਾ ਹੈ। ਇਸ ਤਰ੍ਹਾਂ ਦੇ ਹਾਲਾਤ ਵਿਚਾਲੇ ਕੈਨੇਡਾ 'ਚ ਰਹਿਣ ਵਾਲੇ ਕਈ ਨੌਜਵਾਨ ਵਾਪਸ ਦੇਸ਼ ਪਰਤਣ ਤੱਕ ਦੇ ਵਿਸ਼ੇ 'ਚ ਸੋਚਣ ਲੱਗੇ ਹਨ।

**-ਵਿਜੇ ਕੁਮਾਰ**

# ਰਾਤ ਤੋਂ ਬਾਅਦ ਦਿਨ ਆਉਣਾ ਹੀ ਹੈ



ਅਸਫਲ ਹੋਣਾ ਜਾਂ ਫੇਲ੍ਹ ਹੋ ਜਾਣਾ ਜ਼ਿੰਦਗੀ ਦਾ ਆਖਰੀ ਪੜਾਅ ਨਹੀਂ ਸਫਲਤਾ-ਹੈ।ਜ਼ਿੰਦਗੀ ਪਾਸ ਫੇਲ੍ਹ, ਅਸਫਲਤਾ ਦਾ ਸੁਮੇਲ ਹੈ। ਬਹੁਤ ਸਾਰੇ ਸਫਲ ਵਿਅਕਤੀ ਜ਼ਿੰਦਗੀ ਦੇ ਸ਼ੁਰੂ 'ਚ ਕਈ ਵਾਰ ਫੇਲ੍ਹ ਵੀ ਹੋਏ ਤੇ ਅਸਫਲ ਵੀ। ਉਨ੍ਹਾਂ ਨੇ ਅਸਫਲ ਹੋਣ ਦਾ ਕਾਰਨ ਲੱਭਿਆ ਅਤੇ ਫਿਰ ਆਪਣੇ ਕੰਮ ਵਿਚ ਲੱਗ ਗਏ। ਫੇਲ੍ਹ ਹੋਣ ਜਾਂ ਅਸਫਲ ਹੋਣ 'ਤੇ ਜ਼ਿੰਦਗੀ ਨੂੰ ਰੋਕਣਾ ਨਹੀਂ ਚਾਹੀਦਾ ਸਗੋਂ ਉਸ ਤੋਂ ਸਬਕ ਲੈਂਦਿਆਂ ਹੋਰ ਤੇਜ਼ੀ ਅਤੇ ਜੋਸ਼ ਨਾਲ ਕਦਮ ਚੁੱਕਣੇ ਚਾਹੀਦੇ ਹਨ। ਸਿਆਣੇ ਅਕਸਰ ਹੀ ਘਰਾਂ ਵਿਚ ਕਹਿੰਦੇ ਹੁੰਦੇ ਹਨ ਕਿ ਕੰਮ ਕਰਦਿਆਂ ਗ਼ਲਤੀਆਂ ਵੀ ਹੋਣੀਆਂ ਹਨ ਤੇ ਨੁਕਸਾਨ ਵੀ ਹੋਵੇਗਾ। ਬਿਲਕੁਲ ਜਿਸ ਨੇ ਕੁਝ ਕਰਨਾ ਹੀ ਨਹੀਂ, ਉਸ ਨੇ ਫੇਲ੍ਹ-ਪਾਸ ਕਿੱਥੋਂ ਹੋਣਾ।

ਅਸੀਂ ਪਰੇਸ਼ਾਨ ਹੋ ਜਾਂਦੇ ਹਾਂ ਅਤੇ ਡੋਲ ਜਾਂਦੇ ਹਾਂ। ਜੇ ਤੁਸੀਂ ਅਸਫਲ ਹੁੰਦੇ ਹੋ ਤਾਂ ਬੀਤੇ ਸਮੇਂ 'ਤੇ ਝਾਤ ਜ਼ਰੂਰ ਮਾਰੋ ਕਿ ਸਾਡੇ ਕੋਲੋਂ ਕਿੱਥੇ ਗ਼ਲਤੀ ਹੋਈ, ਕਿੱਥੇ ਕੁਤਾਹੀ ਵਰਤੀ ਤੇ ਕਿੱਥੇ ਸਿਆਣਿਆਂ ਦਾ ਕਹਿਣਾ ਨਹੀਂ ਮੰਨਿਆ। ਬਹੁਤੀ ਵਾਰ ਛੋਟੀਆਂ- ਛੋਟੀਆਂ ਗੱਲਾਂ ਤੇ ਗ਼ਲਤੀਆਂ ਨਾਲ ਅਸੀਂ ਇਸ ਮੋੜ 'ਤੇ ਆ ਕੇ ਖੜ੍ਹ ਜਾਂਦੇ ਹਾਂ। ਉਨ੍ਹਾਂ 'ਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਅੱਗੇ ਤੋਂ ਨਾ ਦੁਹਰਾਓ।

ਕਈ ਵਾਰ ਅਸੀਂ ਅੱਜ ਦਾ ਕੰਮ ਕੱਲ੍ਹ 'ਤੇ ਛੱਡ ਦਿੰਦੇ ਹਾਂ। ਜਦੋਂ ਬਹੁਤ ਕੁਝ ਇਕੱਠਾ ਹੋ ਜਾਂਦਾ ਹੈ ਤਾਂ ਸਹੀ ਤਰੀਕੇ ਨਾਲ ਨਹੀਂ ਹੁੰਦਾ। ਉਸ ਦੇ ਨਤੀਜੇ ਫੇਰ ਮਾੜੇ ਹੀ ਹੁੰਦੇ ਹਨ। ਸਾਰਾ ਸਾਲ ਪੜ੍ਹਾਈ ਨਾ ਕਰਨ ਵਾਲੇ ਵਿਦਿਆਰਥੀ ਪੇਪਰਾਂ ਦੇ ਨੇੜੇ ਕਿਤਾਬਾਂ ਲੈ ਕੇ ਬੈਠ ਜਾਂਦੇ ਹਨ, ਉਦੋਂ ਫਿਰ ਪੱਲੇ ਕੁਝ ਵੀ ਨਹੀਂ ਪੈਂਦਾ। ਹਰ ਰੋਜ਼ ਥੋੜ੍ਹਾ- ਥੋੜ੍ਹਾ ਪੜ੍ਹਨ ਨਾਲ ਕਿਸੇ ਤਰ੍ਹਾਂ ਦਾ ਮਾਨਸਿਕ ਦਬਾਅ ਨਹੀਂ ਪੈਂਦਾ ਤੇ ਨਾ ਹੀ ਡਰ ਲੱਗਦਾ ਹੈ। ਜੇ ਫੇਲ੍ਹ ਹੋ ਗਏ ਤਾਂ ਢੇਰੀ ਢਾਹੁਣ ਨਾਲ ਕੁਝ ਨਹੀਂ ਹੋਣਾ।

ਉਸ ਤੋਂ ਸਬਕ ਸਿੱਖ ਕੇ ਅਗਲੇ ਸਾਲ ਤੋਂ ਉਹ ਗਲਤੀ ਨਾ ਦੁਹਰਾਓ। ਫਿਰ ਇਹ ਵੀ ਸੰਭਵ ਹੈ ਕਿ ਸ਼ਾਇਦ ਤੁਸੀਂ ਕਲਾਸ ਵਿੱ ਪਹਿਲੇ ਨੰਬਰ 'ਤੇ ਆ ਜਾਓ। ਆਪਣੇ ਮਾਪਿਆਂ ਦੀ ਗੱਲ ਨੂੰ ਧਿਆਨ ਨਾਲ ਸੁਣੋ ਤੇ ਅਮਲ ਕਰਨ ਦੀ ਕੋਸ਼ਿਸ਼ ਕਰੋ। ਮਾਪੇ ਹੀ ਹੁੰਦੇ ਹਨ, ਜਿਹੜੇ ਤੁਹਾਡੇ ਅਸਫਲ ਹੋਣ ਅਤੇ ਫੇਲ੍ਹ ਹੋਣ 'ਤੇ ਵੀ ਨਾਲ ਖੜ੍ਹਦੇ ਹਨ। ਸਫਲਤਾ ਹੀ ਵਧੀਆ ਜ਼ਿੰਦਗੀ ਦਾ ਪੈਮਾਨਾ ਨਹੀਂ ਹੈ। ਇਹ ਵੀ ਸੱਚ ਹੈ ਕਿ ਹਰ ਬੰਦਾ ਹਮੇਸ਼ਾ ਸਫਲ ਹੀ ਹੋਵੇ, ਹੋ ਵੀ ਨਹੀਂ ਸਕਦਾ। ਕੁਦਰਤ ਦੀ ਘੜੀ ਅਨੁਸਾਰ ਹਰ ਕਿਸੇ ਦਾ ਸਮਾਂ ਬਦਲਦਾ ਹੈ। ਜੇ ਕੋਈ ਤੁਹਾਡਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਚੁੱਪ ਰਹਿ ਕੇ ਬਰਦਾਸ਼ਤ ਕਰ ਲੈਣਾ ਹੀ ਸਿਆਣਪ ਹੈ। ਸਿਆਣੇ ਕਹਿੰਦੇ ਹਨ ਕਿ ਬੁਰਾ ਵਕਤ ਚੁੱਪ ਕਰ ਕੇ, ਦੜ-ਵੱਟ ਕੇ ਕੱਟ ਲੈਣਾ ਚਾਹੀਦਾ ਹੈ। ਦਿਨ ਤੋਂ ਬਾਅਦ ਰਾਤ ਅਤੇ ਰਾਤ ਤੋਂ ਬਾਅਦ ਦਿਨ ਆਉਂਦਾ ਹੀ ਹੈ। ਢੇਰੀ ਨਾ ਢਾਹੋ ਸਗੋਂ ਸਬਕ ਲਵੋ ਅਤੇ ਆਪਣੇ ਕੰਮ ਵਿਚ ਜੁਟ ਜਾਵੋ। ਸਫਲਤਾ ਤੁਹਾਡੇ ਪੈਰ ਚੁੰਮੇਗੀ।

**ਪ੍ਰਭਜੋਤ ਕੌਰ ਢਿੱਲੋਂ**

# ਵਿਦੇਸ਼ਾਂ ਤੋਂ ਕੈਨੇਡਾ 'ਚ ਸਬਜ਼ੀ, ਫ਼ਲ, ਮੀਟ ਤੇ ਘਿਓ, ਲਿਜਾਣ ਦੀ ਮਨਾਹੀ



**ਟੋਰਾਂਟੋ:** ਸੰਸਾਰ ਭਰ ਵਿਚ ਅੰਤਰਰਾਸ਼ਟਰੀ ਹਵਾਈ ਅੱਡਿਆਂ ਅੰਦਰ ਤਾਇਨਾਤ ਕਸਟਮਜ਼ ਦੇ ਅਧਿਕਾਰੀਆਂ ਤੋਂ ਅੱਖ ਬਚਾਅ ਕੇ ਸਾਮਾਨ ਕੱਢਣ ਅਤੇ ਟੈਕਸ ਦੀ ਬੱਚਤ ਕਰਨ ਦਾ ਸਿਲਸਿਲਾ ਆਮ ਅਤੇ ਤਕਰੀਬਨ ਸਾਰਾ ਸਾਲ ਚੱਲਦਾ ਰਹਿੰਦਾ ਹੈ।

ਅਜਿਹੀ ਕੋਸ਼ਿਸ਼ ਵਿਚ ਦਿੱਲੀ ਤੋਂ ਦੁਬਈ ਦੇ ਰਸਤੇ ਟੋਰਾਂਟੋ ਜਾਣ ਵਾਲੀ ਉਡਾਨ ਵਿਚ ਸਵਾਰ ਹੋ ਕੇ ਕੈਨੇਡਾ ਗਏ ਇਕ ਭਾਰਤੀ ਪਰਿਵਾਰ ਨੂੰ ਬੀਤੇ ਦਿਨ ਹਵਾਈ ਅੱਡੇ ਅੰਦਰ ਜੁਰਮਾਨਾ ਕੀਤੇ ਜਾਣ ਦੀ ਖ਼ਬਰ ਵੀ ਆਈ ਸੀ। ਇਹ ਬਜ਼ੁਰਗ ਜੋੜਾ ਗੁਜਰਾਤ ਤੋਂ ਆਪਣੇ ਕੈਨੇਡਾ ਵਾਸੀ ਪਰਿਵਾਰ ਕੋਲ ਗਏ ਸਨ ਪਰ ਹਵਾਈ ਅੱਡੇ ਅੰਦਰ ਕਸਟਮਜ਼ ਦੀ ਜਾਂਚ ਦੌਰਾਨ ਸ਼ੱਕ ਪੈਣ 'ਤੇ ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਕੀਤੀ ਗਈ। ਇਹ ਵੀ ਕਿ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਮੌਕਾ ਤਾੜ ਕੇ ਉਨ੍ਹਾਂ ਨੇ ਅਟੈਚੀਆਂ ਵਿਚੋਂ ਗਹਿਣੇ ਕੱਢ ਕੇ ਪਹਿਨਣੇ ਸ਼ੁਰੂ ਕਰ ਦਿੱਤੇ ਜਿਸ ਕਰਕੇ ਅਫਸਰਾਂ ਦਾ ਸ਼ੱਕ ਹੋਰ ਪੱਕਾ ਹੋ ਗਿਆ। ਤਲਾਸ਼ੀ ਦੌਰਾਨ ਉਨ੍ਹਾਂ ਤੋਂ ਪੀਲੇ ਤੇ ਚਿੱਟੇ ਸ਼ੁੱਧ ਸੋਨੇ ਦੀਆਂ ਮੁੰਦਰੀਆਂ ਤੇ ਚੇਨੀਆਂ ਮਿਲੀਆਂ ਜਿਨ੍ਹਾਂ ਵਿਚ ਚਿੱਟੇ ਸੋਨੇ (ਪਲੇਟੀਨਮ) ਦੇ ਗਹਿਣੇ ਵੀ ਸ਼ਾਮਿਲ ਸਨ।

ਕੁੱਲ ਮਿਲਾ ਕੇ ਉਨ੍ਹਾਂ ਨੂੰ ਕਸਟਮਜ਼ ਦੇ ਲਗਭਗ 300 ਡਾਲਰ ਜੁਰਮਾਨਾ ਭਰਨ ਲਈ ਕਿਹਾ ਗਿਆ। ਸਰਕਾਰੀ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਦੇਸ਼ਾਂ ਤੋਂ ਕੈਨੇਡਾ ਵਿਚ ਸਬਜ਼ੀਆਂ, ਫਲ, ਮੀਟ, ਦੇਸੀ ਘਿਓ, ਹਥਿਆਰ, ਨਸ਼ੇ ਆਦਿਕ ਲਿਜਾਣਾ ਸਖ਼ਤ ਮਨ੍ਹਾਂ ਹੈ। ਫੜੇ ਜਾਣ 'ਤੇ ਇਹ ਸਭ ਕੁਝ ਹਵਾਈ ਅੱਡੇ ਦੇ ਅੰਦਰ ਹੀ ਕੂੜੇ ਦੇ ਡੱਬੇ ਵਿਚ ਸੁਟਵਾਇਆ ਜਾਂਦਾ ਹੈ ਅਤੇ ਨਸ਼ੇ ਤੇ ਹਥਿਆਰਾਂ ਦੇ ਧਾਰਕਾਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਅਮਲ ਵਿਚ ਲਿਆਂਦੀ ਜਾਂਦੀ ਹੈ। 10000 ਡਾਲਰਾਂ ਤੋਂ ਵੱਧ ਦੀ ਰਕਮ ਅਤੇ 60 ਡਾਲਰਾਂ ਤੋਂ ਮਹਿੰਗੇ (ਤੋਹਫ਼ੇ) ਬਾਰੇ ਕਸਟਮਜ਼ ਅਧਿਕਾਰੀਆਂ ਨੂੰ ਦੱਸਣਾ ਜ਼ਰੂਰੀ ਹੈ।



WESTERN COMMUNITY COLLEGE



Proudly

**Graduated**

**7000+**

Students

**Since 2012**

Health Care Assitant

Community Support Worker

Pharmacy Assistant Program

Dental Assistant

Business Management

Education Assistant

AND MORE...

CLOSE TO **50 PROGRAMS** & **3 CAMPUS** LOCATIONS TO SERVE THE COMMUNITY

**WCC.CA**

**Abbotsford, BC**
Unit 201, 3670 Townline Rd
Abbotsford, BC V2T 5W8
Tel : 604.776.1301

**Surrey, BC**
Unit 201 8318 120 St
Surrey, BC V3W 3N4
Tel : 604.594.3500

**South Surrey, BC**
Unit 204, 15850 24 Ave,
Surrey, BC V3Z 0G1
Tel : 604.594.3500

# SABZI MANDI SUPERMARKET

*Serving our Community since 2003*

# NEW LOCATION IN KELOWNA OPENING SOON!!!

**HOT PRICE** — #1 SPINACH ਪਾਲਕ Bunch — 1.49 ea

**HOT PRICE** — FRESH GINGER ਅੰਦਰਕ — 1.69 /lb

**HOT PRICE** — JUMBO CAULIFLOWER ਗੋਭੀ SIZE 9 — 2.49 ea

**HOT PRICE** — FRESH CILANTRO ਧਨੀਆਂ Bunch — 2 for 1.29

ROYAL 6-COMPARTMENT PARTY TRAYS ਰੋਯਲ ਪਾਰਟੀ ਪਲੇਟ 40 pack — 6.99 ea

## UNBEATABLE DEAL

TATA TEA AGNI ਟਾਟਾ ਟੀ ਅੱਗਣੀ ਚਾਹ 1kg — 8.99 ea

BC TINDA ਟਿੰਡਾ — 99¢ /lb

INDIAN ROOH AFZA ਰੂਹ ਅਫਜ਼ਾ 750ml — 3.99 ea

COSMIC CRISP APPLES ਕੌਜ਼ਮਿਕ ਕਰਿਸਪ ਸੇਬ — 88¢ /lb

SHER DESI STYLE ATTA ਸ਼ੇਰ ਦੇਸੀ ਸਟਾਈਲ ਆਟਾ 20lb — 14.99 ea

ROSHNI GUR ਰੋਸ਼ਨੀ ਗੁੜ 1kg — 3.99 ea

GITS READY-TO-EAT ਗਿਟਸ ਰੈਡੀ-ਟੂ-ਈਟ 300g — 2 for $6

LEHAR GACHAK ਲੈਹਰ ਗੱਚਕ 400g — 3.49 ea

FRESH OPO ਲੌਕੀ — 99¢ /lb

HAPPY DAIRY PANEER ਹੈਪੀ ਡੈਰੀ ਪਨੀਰ 300g — 4.49 ea

MERI CHAI TEA ਮੇਰੀ ਚਾਹ 216's — 5.99 ea

INDIA AT HOME BASMATI RICE ਇੰਡੀਆ ਐਟ ਹੋਮ ਬਾਸਮਤੀ ਚਾਵਲ 8lb — 8.99 ea

HEER BESAN ਹੀਰ ਬੇਸਣ 4lb — 3.99 ea

FRESH TOMATOES ਟਮਾਟਰ — 1.49 /lb

US#1 WALNUT HALVES ਅਖਰੋਟ — 6.99 /lb

INDIAN KARELA ਦੇਸੀ ਕਰੇਲੇ — 1.99 /lb

PEELED GARLIC ਲਸਣ 5lb Jar — 11.99 ea

US #1 POTATOES ਆਲੂ 10lb — 3.99 ea

FRESH FENUGREEK METHI ਮੇਥੀ Bunch — 1.79 ea

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ

SALES DATES: Fri. July 26, 2024 - Wed. July 31, 2024

MasterCard VISA American Express Interac

American Express accepted at three locations.

Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

SABZI MANDI SUPERMARKET

STORES OPEN 7 DAYS A WEEK
Visit one of our great locations so we can serve you today!

| | |
|---|---|
| NEWTON STORE: #106 - 12568 72nd Ave., Surrey | 604-590-2400 |
| NEWTON 80th AVENUE: 13208 80th Ave., Surrey | 778-565-7880 |
| NEWTON EXCHANGE: 101-13753 72 Ave., Surrey | 604-581-2400 |
| NEWTON EAST: 15299 68th Ave., Surrey | 604-598-8006 |
| ABBOTSFORD: 31831 S. Fraser Way, Abbotsford | 604-864-9193 |
| ABBOTSFORD: 2777 Gladwin Road, Abbotsford | 604-744-2077 |
| BURNABY: 7565 6th Street, Burnaby | 604-553-6603 |
| PITT MEADOWS: 12169 Harris Rd, Pitt Meadows | 604-459-8410 |
| RICHMOND: 9371 No 5 Rd, Richmond | 604-285-2400 |
| NEWTON 64 AVE: 140- 6350 120 st, Surrey | 778-565-1266 |
| LANGLEY: #50 – 20150 Langley Bypass, Langley | 604-427-3912 |

You can also visit us online at www.sabzimandicanada.com